# ਆਪਣੇ ਭਵਿੱਖ ਬਾਰੇ ਸੋਚੋ

ਵਿਲੀਅਮ ਮੈਕਡੋਨਲਡ

ਅਨੁਵਾਦਕ: ਮਨਮੋਹਣ ਸਿੰਘ

Authentic™

HYDERABAD

***Aapnne Bhavikh Baare Socho***

(Punjabi)

Think of Your Future

by William MacDonald

First Punjabi edition 2015

ISBN: 978-93-83691-53-1

All rights reserved.

No part of this publication may be reproduced in any form or by any means, electronic, or mechanical, including photocopying, recording, or any information storage and retrieval system, without permission in writing from the publisher.

Published by

Authentic Books

Logos Bhavan, Suchitra Junction, Secunderabad 500 067, Telangana.

www.authenticindia.in

Authentic Books is an imprint of Authentic Media (India), the publishing division of OM Books Foundation.

Printed and bound in India by

Authentic Media, Secunderabad 500 067

# ਤਤਕਰਾ


| | |
|---|---|
| ਜ਼ਿੰਦਗੀਆਂ ਬਦਲ ਦੇਣ ਵਾਲੀਆਂ ਸੱਚਾਈਆਂ | 5 |
| ਕੇਵਲ ਇਕ ਜ਼ਿੰਦਗੀ | 8 |
| ਬਹੁਤ ਹੀ ਛੋਟੀ | 11 |
| ਸਦੀਪਕਤਾ | 14 |
| ਸੁਨਹਿਰਾ ਸਮਾਂ | 16 |
| ਅਜਿਹੀ ਵਿੱਦਿਆ ਜਿਸਦਾ ਮਹੱਤਵ ਸਦੀਪਕਤਾ ਤਕ ਹੈ | 21 |
| ਆਪਣਾ ਭਵਿੱਖ ਤੁਸੀਂ ਆਪ ਚੁਣਦੇ ਹੋ | 25 |
| ਉੱਚੀਆਂ ਤਾਂਘਾਂ: ਸਹੀ ਜਾਂ ਨਹੀਂ? | 28 |
| ਜ਼ਿੰਦਗੀ ਦੀਆਂ ਵੱਡੀਆਂ ਲਾਚਾਰੀਆਂ | 32 |
| ਜ਼ਿੰਦਗੀ ਦੀ ਵੱਡੀ ਵਚਨਬੱਧਤਾ | 39 |
| ਰੋਜ਼ਗਾਰ ਦੀ ਭੂਮਿਕਾ | 44 |
| ਬਹਾਨੇਬਾਜ਼ੀਆਂ, ਦਲੀਲਾਂ ਦੇਣੀਆਂ ਅਤੇ ਪੱਜ ਮਾਰਨਾ | 50 |
| ਜਜ਼ਬੇ ਨਾਲ ਭਰਿਆ ਜੀਵਨ | 54 |

ਜਦੋਂ ਮੈਂ ਮਰ ਰਿਹਾ ਹੋਵਾਂਗਾ, ਮੈਂ ਕਿੰਨਾ
ਪ੍ਰਸੰਨ ਹੋਵਾਂਗਾ ਕਿ ਮੇਰੀ ਜ਼ਿੰਦਗੀ ਦਾ
ਦੀਵਾ ਤੇਰੇ ਲਈ ਬਲਦਾ ਰਿਹਾ ਹੈ।

ਮੈਂ ਇਕ ਵੀ ਪਾਪੀ ਨੂੰ ਬਚਾਉਣ ਲਈ ਆਪਣਾ ਜਿਹੜਾ
ਸਮਾਂ ਜਾਂ ਪੈਸਾ ਦਿੱਤਾ ਹੈ, ਉਸ ਲਈ ਪ੍ਰਸੰਨ ਹੋਵਾਂਗਾ;
ਮੈਂ ਬੁਰਾ ਨਹੀਂ ਮਨਵਾਂਗਾ ਕਿ ਰਾਹ ਔਖਾ ਰਿਹਾ ਹੈ,

ਮੇਰੇ ਲਈ ਇੰਨਾ ਹੀ ਬਥੇਰਾ ਹੈ ਕਿ ਤੇਰੇ ਪਿਆਰੇ ਚਰਨਾਂ ਨੇ ਮੈਨੂੰ ਰਾਹ
ਵਿਖਾਇਆ ਹੈ। ਜਦੋਂ ਮੈਂ ਮਰ ਰਿਹਾ ਹੋਵਾਂਗਾ, ਮੈਂ ਕਿੰਨਾ ਪ੍ਰਸੰਨ ਹੋਵਾਂਗਾ ਕਿ
ਮੇਰੀ ਜ਼ਿੰਦਗੀ ਦਾ ਦੀਵਾ ਤੇਰੇ ਲਈ ਬਲਦਾ ਰਿਹਾ ਹੈ।

– ਚੋਣਵਾਂ

# ਜ਼ਿੰਦਗੀਆਂ ਬਦਲ ਦੇਣ ਵਾਲੀਆਂ ਸੱਚਾਈਆਂ

ਇਕ ਵੱਡੀ ਸੱਚਾਈ ਅਕਸਰ ਇਨਸਾਨ ਦੀ ਪੂਰੀ ਜੀਵਨ-ਯਾਤਰਾ ਨੂੰ ਪ੍ਰਭਾਵਿਤ ਕਰ ਦਿੰਦੀ ਹੈ। ਉਹ ਕਈ ਵਰ੍ਹੇ ਨਿੱਤਨੇਮ ਨਾਲ ਹੀ ਗੁਜ਼ਾਰ ਦਿੰਦਾ ਹੈ; ਪਰ ਫਿਰ ਇਕ ਦਿਨ, ਅਚਾਨਕ, ਉਸ ਦੇ ਸਾਹਮਣੇ ਇਕ ਪ੍ਰੇਰਨਾਦਾਇਕ ਕਥਨ ਜਾਂ ਵਾਕ ਆ ਜਾਂਦਾ ਹੈ, ਜਿਸ ਨੂੰ ਪੜ੍ਹਨ ਜਾਂ ਸੁਣਨ ਤੋਂ ਬਾਦ ਉਹ ਪਹਿਲਾਂ ਵਰਗਾ ਨਹੀਂ ਰਹਿ ਜਾਂਦਾ। ਉਸ ਦੀ ਜ਼ਿੰਦਗੀ ਦਾ ਰੁਖ ਪੂਰੀ ਤਰ੍ਹਾਂ ਬਦਲ ਜਾਂਦਾ ਹੈ।

*ਹਡਸਨ ਟੇਲਰ ਨਾਲ ਵੀ ਅਜਿਹਾ ਹੀ ਹੋਇਆ।* ਆਪਣੇ ਪਿਤਾ ਦੀ ਲਾਈਬ੍ਰੇਰੀ ਵਿਚ ਇਵੇਂ ਹੀ ਕੁਝ ਭਾਲਦਿਆਂ ਉਸ ਦੇ ਸਾਹਮਣੇ ਇਹ ਲਫ਼ਜ਼ ਆ ਗਏ, "ਮਸੀਹ ਦਾ ਪੂਰਾ ਹੋ ਚੁੱਕਾ ਕੰਮ।" ਇਸ ਸੱਚਾਈ ਨੇ ਉਸ ਨੂੰ ਜਕੜ ਲਿਆ; ਜੇਕਰ ਮਸੀਹ ਨੇ ਕੰਮ ਪੂਰਾ ਕਰ ਦਿੱਤਾ ਹੈ ਤਾਂ ਹੁਣ ਉਸ ਦੇ ਕਰਨ ਲਈ ਬਾਕੀ ਕੀ ਬਚਿਆ ਹੈ, ਬਸ ਇਹੀ ਕਿ ਉਹ ਮੁਕਤੀਦਾਤਾ ਉੱਤੇ ਭਰੋਸਾ ਕਰੇ। ਉਸ ਦੀ ਆਤਮਾ ਤੁਰੰਤ ਇਕ ਚਾਨਣ ਅਤੇ ਸ਼ਾਂਤੀ ਨਾਲ ਭਰ ਗਈ। ਕੁਝ ਵਰ੍ਹਿਆਂ ਮਗਰੋਂ, ਉਹ ਚੀਨ ਚਲਿਆ ਗਿਆ ਅਤੇ ਚੀਨ ਨੂੰ ਖੁਸ਼ਖਬਰੀ ਲਈ ਖੋਲ੍ਹ ਦਿੱਤਾ।

ਕਾਉਂਟ ਜ਼ਿਨਜ਼ੇਨਡੋਰਫ਼ ਨਾਲ ਵੀ ਅਜਿਹਾ ਹੀ ਕੁਝ ਹੋਇਆ ਸੀ। ਜਰਮਨੀ ਵਿਚ ਇਹ ਨੌਜਵਾਨ ਇਕ ਦਿਨ ਸਲੀਬ ਚਾੜ੍ਹੇ ਗਏ ਮਸੀਹ ਦੀ ਇਕ ਤਸਵੀਰ ਦੇ ਸਾਹਮਣੇ ਖੜ੍ਹਾ ਸੀ। ਉਸ ਤਸਵੀਰ ਦੇ ਹੇਠਾਂ ਇਹ ਸ਼ਬਦ ਲਿਖੇ ਸਨ:

*"ਆਹ ਵੇਖੋ! ਮੈਂ ਤੁਹਾਡੇ ਲਈ ਕੀ ਕੀਤਾ ਹੈ।"*

ਇਸ ਸੱਚਾਈ ਨੇ ਜ਼ਿਨਜ਼ੇਨਡੋਰਫ਼ ਨੂੰ ਪੂਰੀ ਤਰ੍ਹਾਂ ਤੋੜ ਦਿੱਤਾ, ਅਤੇ ਉਸੇ ਵੇਲੇ ਉਸ ਨੇ ਯਿਸੂ ਮਸੀਹ ਨੂੰ ਆਪਣਾ ਮੁਕਤੀਦਾਤਾ ਕਬੂਲ ਕਰ ਲਿਆ।

ਪਰ ਜਦੋਂ ਉਸ ਨੇ ਹੇਠਾਂ ਨਜ਼ਰ ਮਾਰੀ ਤਾਂ ਉਸ ਨੇ ਇਹ ਸ਼ਬਦ ਵੀ ਛਪੇ ਵੇਖੇ:

*"ਪਰ ਤੁਸੀਂ ਮੇਰੇ ਲਈ ਕੀ ਕੀਤਾ ਹੈ?"*

ਇਸ ਪੜਤਾਲੀ ਪ੍ਰਸ਼ਨ ਨਾਲ ਪ੍ਰੇਰਿਤ ਹੋ ਕੇ ਉਸ ਨੇ ਸਭਕੁਝ ਤਿਆਗ ਦਿੱਤਾ ਅਤੇ ਆਪਣਾ ਜੀਵਨ ਮਸੀਹ ਨੂੰ ਦੇ ਦਿੱਤਾ। ਅੱਜ ਉਸ ਦਾ ਨਾਮ ਮੋਰੇਵਿਅਨ ਮਿਸ਼ਨਰੀ ਲਹਿਰ ਦੇ ਇਤਹਾਸ ਵਿਚ ਮਹਿਕ ਰਿਹਾ ਹੈ। ਡੀ. ਐਲ. ਮੂਡੀ ਦਾ ਤਜਰਬਾ ਵੀ ਕੁਝ ਅਜਿਹਾ ਹੀ ਰਿਹਾ ਸੀ। ਉਹ ਇੰਗਲੈਂਡ ਵਿਚ ਇਕ ਸੁਸਮਾਚਾਰ ਪ੍ਰਚਾਰ ਦੀ ਮੁਹਿੰਮ

ਸਮਾਪਤ ਕਰ ਕੇ ਹਟੇ ਸਨ ਅਤੇ ਇਕ ਉੱਘੇ ਅੰਗ੍ਰੇਜ ਪ੍ਰਚਾਰਕ ਹੈਨਰੀ ਵਾਰਲੀ ਨੂੰ ਅਲਵਿਦਾ ਆਖ ਰਹੇ ਸਨ। ਵਿਦਾਈ ਲੈਂਦਿਆਂ ਹੋਇਆਂ ਵਾਰਲੀ ਨੇ ਉਨ੍ਹਾਂ ਨੂੰ ਚੁਣੌਤੀ ਵੱਜੋਂ ਆਖਿਆ, "ਜਨਾਬ ਮੂਡੀ, ਸੰਸਾਰ ਦੇ ਸਾਹਮਣੇ ਅਜੇ ਇਹ ਆਉਣਾ ਬਾਕੀ ਹੈ ਕਿ ਪਰਮੇਸ਼ਰ ਇਕ ਅਜਿਹੇ ਵਿਅਕਤੀ ਦੁਆਰਾ ਕੀ ਕੁਝ ਕਰ ਸਕਦਾ ਹੈ ਜਿਹੜਾ ਪਰਮੇਸ਼ਰ ਦੀ ਇੱਛਾ ਨੂੰ ਪੂਰੀ ਤਰ੍ਹਾਂ ਪੂਰਿਆਂ ਕਰਨ ਲਈ ਸਮਰਪਤ ਹੈ।" ਮੂਡੀ ਇਨ੍ਹਾਂ ਅਦਭੁਤ ਸ਼ਬਦਾਂ ਨੂੰ ਆਪਣੇ ਮਨ ਵਿਚੋਂ ਕਦੇ ਵੀ ਨਹੀਂ ਕੱਢ ਸਕੇ; ਇਹ ਉਨ੍ਹਾਂ ਦੇ ਕੰਨਾਂ ਵਿਚ ਗੂੰਜਦੇ ਰਹੇ।

"ਜਦੋਂ ਉਹ ਵਤਨ ਵਾਪਸੀ ਲਈ ਸਮੁੰਦਰੀ ਯਾਤਰਾ ਵਿਚ ਸਨ ਤਾਂ ਅਜਿਹਾ ਜਾਪ ਰਿਹਾ ਸੀ ਕਿ ਉਹ ਸ਼ਬਦ ਮਹਾਸਾਗਰ ਦੀਆਂ ਲਹਿਰਾਂ ਉੱਤੇ ਲਿਖੇ ਜਾ ਕੇ ਬਾਰ-ਬਾਰ ਉਨ੍ਹਾਂ ਦੇ ਸਾਹਮਣੇ ਆ ਰਹੇ ਸਨ, ਜਦੋਂ ਉਹ ਨਿਊ ਯੋਰਕ ਦੀਆਂ ਸੜਕਾਂ ਉੱਤੇ ਚਲ ਰਹੇ ਸਨ ਤਾਂ ਉਹੀ ਸ਼ਬਦ ਉਨ੍ਹਾਂ ਉੱਤੋਂ ਉੱਭਰ ਕੇ ਖੜ੍ਹੇ ਹੋ ਰਹੇ ਸਨ ਅਤੇ ਜਦੋਂ ਉਹ ਸ਼ਿਕਾਗੋ ਜਾ ਰਹੀ ਰੇਲ ਗੱਡੀ ਵਿਚ ਬੈਠੇ ਸਨ ਤਾਂ ਉਹੀ ਸ਼ਬਦ ਪਿੱਛੇ ਦੌੜਦੇ ਜਾਂਦੇ ਖੇਤਾਂ ਵਿਚ ਲਹਿਲਹਾ ਰਹੇ ਸਨ।" ਉਨ੍ਹਾਂ ਸ਼ਬਦਾਂ ਨੇ ਉਨ੍ਹਾਂ ਦੀ ਅਗਲੀ ਸਾਰੀ ਜ਼ਿੰਦਗੀ ਨੂੰ ਪ੍ਰਭਾਵਿਤ ਕਰ ਦਿੱਤਾ, ਅਤੇ ਅੱਜ ਉਨ੍ਹਾਂ ਦੀ ਮਿਹਨਤ ਦਾ ਵਿਸਥਾਰ ਅਤੇ ਪ੍ਰਭਾਵ ਆਪ ਬੋਲਦਾ ਹੈ।

ਅਜਿਹੀਆਂ ਗਵਾਹੀਆਂ ਹੋਰ ਵੀ ਕਈ ਹਜਾਰਾਂ ਲੋਕਾਂ ਤੋਂ ਸੁਣੀਆਂ ਜਾ ਸਕਦੀਆਂ ਹਨ। ਉਹ ਆਪਣੀ ਜ਼ਿੰਦਗੀ ਵਿਚ ਲਾਪਰਵਾਹੀ ਨਾਲ ਕਦਮ ਚੁੱਕਦੇ ਹੋਏ ਤੁਰੀ ਜਾ ਰਹੇ ਸਨ, ਕਿ ਅਚਾਨਕ ਉਨ੍ਹਾਂ ਦੇ ਸਾਹਮਣੇ ਉਹ ਲੁਕੀਆਂ ਹੋਈਆਂ ਸੱਚਾਈਆਂ ਆ ਖਲੋਤੀਆਂ ਜਿਨ੍ਹਾਂ ਉੱਤੇ ਕੁਝ ਲੋਕ ਆਪਣੀ ਜ਼ਿੰਦਗੀ ਜੀ ਰਹੇ ਸਨ। ਉਨ੍ਹਾਂ ਦੇ ਤਰਕ ਅਤੇ ਜਜ਼ਬੇ ਨੇ ਇਨ੍ਹਾਂ ਨੂੰ ਮੋਹ ਲਿਆ। ਇਨ੍ਹਾਂ ਸੱਚਾਈਆਂ ਨੇ ਉਨ੍ਹਾਂ ਦੇ ਮਨਾਂ ਅਤੇ ਦਿਲਾਂ ਵਿਚ ਭਾਂਬੜ ਮਚਾ ਦਿੱਤੇ। ਉਹ ਪਹਿਲਾਂ ਵਰਗੇ ਨਹੀਂ ਰਹਿ ਗਏ। ਇਕ ਵੱਡਾ ਦਰਸ਼ਨ ਪ੍ਰਾਪਤ ਕਰਕੇ ਉਨ੍ਹਾਂ ਨੇ ਪਰਮੇਸ਼ਰ ਲਈ ਇਕ ਇਤਿਹਾਸ ਰਚ ਦਿੱਤਾ।

ਅਜਿਹਾ ਸਾਡੇ ਨਾਲ ਵੀ ਹੋ ਸਕਦਾ ਹੈ! ਸੱਚਾਈ ਸਦੀਪਕ ਹੈ ਅਤੇ ਲੋਕਾਂ ਦੀ ਜ਼ਿੰਦਗੀ ਵਿਚ ਕ੍ਰਾਂਤੀ ਲਿਆ ਦੇਣ ਵਾਲੇ ਇਹ ਗੂੜ੍ਹਅਰਥੀ ਕਥਨ ਸਾਨੂੰ ਵੀ ਦਰਮਿਆਨੀ ਜ਼ਿੰਦਗੀਆਂ ਤੋਂ ਬਚਾ ਸਕਦੇ ਹਨ ਅਤੇ ਇਸ ਸੰਸਾਰ ਤੇ ਸਦੀਪਕਤਾ ਵਿਚ ਸਫਲਤਾ ਨੂੰ ਸੁਨਿਸ਼ਚਿਤ ਕਰ ਸਕਦੇ ਹਨ।

ਕਾਸ਼, ਸਾਡੇ ਅੰਦਰ ਇਹ ਇੱਛਾ ਜਾਗ ਜਾਵੇ! ਕਾਸ਼, ਅਸੀਂ ਚੁੱਪ ਰਹੀਏ ਤਾਂ ਜੋ ਅਸੀਂ ਸੁਣ ਸਕੀਏ! ਕਾਸ਼, ਅਸੀਂ ਇਨ੍ਹਾਂ ਸੱਚਾਈਆਂ ਦਾ ਸਾਹਮਣਾ ਇਮਾਨਦਾਰੀ ਅਤੇ ਹਿੰਮਤ ਨਾਲ ਕਰ ਸਕੀਏ! ਕਾਸ਼, ਉਨ੍ਹਾਂ ਤਰਕਾਂ ਦੇ ਨਤੀਜੇ ਬਾਰੇ ਗੰਭੀਰਤਾ ਨਾਲ ਸੋਚਣ ਦੀ ਇੱਛਾ ਸਾਡੇ ਅੰਦਰ ਜਾਗ ਜਾਵੇ! ਕਾਸ਼, ਅਸੀਂ ਵਾਜਬ ਉੱਤਰ ਦੇਣ ਵਾਲੇ, ਅਨੁਕੂਲ ਕੰਮ ਕਰਨ ਵਾਲੇ ਅਤੇ ਜਜਬੇ ਨਾਲ ਉਸ ਦੇ ਮਗਰ ਦੌੜਣ ਵਾਲੇ ਬਣ ਜਾਈਏ!

ਸਭਕੁਝ ਇਸੇ ਉੱਤੇ ਨਿਰਭਰ ਹੈ! ਕੀ ਅਸੀਂ ਇਸ ਸ਼ਾਨਦਾਰ ਦਰਸ਼ਨ ਦਾ ਪਾਲਨ ਕਰਨ ਲਈ ਤਿਆਰ ਹਾਂ? ਇਥੋਂ ਅਗਾਹਾਂ ਪੜ੍ਹਣ ਤੋਂ ਪਹਿਲਾਂ, ਕਿਉਂ ਨਾ ਅਸੀਂ ਪਰਮੇਸ਼ਰ ਨੂੰ ਹਾਜ਼ਰ ਜਾਣ ਕੇ ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ ਦੇਈਏ:

*ਕੀ ਮੈਂ ਚਾਹੁੰਦਾ ਹਾਂ ਕਿ ਪ੍ਰਭੂ ਮੇਰੇ ਨਾਲ ਗੱਲਬਾਤ ਕਰੇ?*
*ਕੀ ਮੈਂ ਬਿਨਾਂ ਕਿਸੇ ਸ਼ਰਤ ਉਸ ਦੀ ਆਗਿਆਕਾਰੀ ਕਰਾਂਗਾ?*
*ਕੀ ਅਜਿਹਾ ਕੁਝ ਹੈ ਜਿਹੜਾ ਮੈਂ ਉਸ ਦੇ ਲਈ ਤਿਆਗ ਨਹੀਂ ਸਕਦਾ?*

# ਕੇਵਲ ਇਕ ਜ਼ਿੰਦਗੀ

ਇਸ ਧਰਤੀ ਉੱਤੇ ਸਾਡੀ ਹੋਂਦ ਬਾਰੇ ਕਿਸੇ ਵੀ ਤਰ੍ਹਾਂ ਦੇ ਵਿਚਾਰ ਤੋਂ ਪਹਿਲਾਂ ਸਾਨੂੰ ਇਹ ਹੈਰਾਨੀਜਨਕ ਗੱਲ ਚੇਤੇ ਰੱਖਣ ਦੀ ਲੋੜ ਹੈ ਕਿ ਇਥੇ ਸਾਨੂੰ ਕੇਵਲ ਇਕੋ ਜ਼ਿੰਦਗੀ ਮਿਲੀ ਹੈ। ਤਾਂ ਕਿਉਂ ਨਾ ਅਸੀਂ ਇਸੇ ਪ੍ਰਭਾਵਸ਼ਾਲੀ ਸੱਚਾਈ ਤੋਂ ਸ਼ੁਰੂਆਤ ਕਰੀਏ:

## ਕੇਵਲ ਇਕ ਜ਼ਿੰਦਗੀ

ਇਹੋ ਸੱਚਾਈ ਸਾਡੇ ਪ੍ਰਭੂ ਯਿਸੂ ਲਈ ਵੀ ਪ੍ਰੇਰਨਾ ਦਾ ਇਕ ਵੱਡਾ ਸੋਮਾ ਸੀ ਅਤੇ ਇਹ ਯੂਹੰਨਾ 9:4 ਵਿਚਲੇ ਉਸ ਦੇ ਵਚਨਾਂ ਰਾਹੀਂ ਵੀ ਸਪਸ਼ਟ ਹੋ ਜਾਂਦਾ ਹੈ:

> ਸਾਨੂੰ ਚਾਹੀਦਾ ਹੈ ਕਿ ਦਿਨ ਹੁੰਦੇ ਹੁੰਦੇ ਉਹ ਦੇ ਕੰਮ ਕਰੀਏ ਜਿਨ੍ਹ ਮੈਨੂੰ ਘੱਲਿਆ। ਰਾਤ ਚੱਲੀ ਆਉਂਦੀ ਹੈ ਜਦੋਂ ਕੋਈ ਨਹੀਂ ਕੰਮ ਕਰ ਸਕਦਾ।

"ਦਿਨ ਹੁੰਦੇ ਹੁੰਦੇ।" "ਰਾਤ ਚੱਲੀ ਆਉਂਦੀ ਹੈ।" "ਕੇਵਲ ਇਕ ਜ਼ਿੰਦਗੀ।"

ਕਾਸ਼, ਇਹ ਸ਼ਬਦ ਦਾਗਣ ਵਾਲੇ ਭੱਖਦੇ ਲੋਹੇ ਵਾਂਗੂ ਸਾਡੀਆਂ ਆਤਮਾਵਾਂ ਵਿਚ ਉਤਰ ਕੇ ਛਪ ਜਾਣ, ਤਾਂ ਜੋ ਅਸੀਂ ਇਨ੍ਹਾਂ ਨੂੰ ਭੁਲਾ ਨਾ ਸਕੀਏ। ਇਕ ਜ਼ਿੰਦਗੀ! ਕੇਵਲ ਇਕ ਜ਼ਿੰਦਗੀ! ਇਹ ਇੰਨੀ ਗੰਭੀਰ ਗੱਲ ਹੈ ਕਿ ਇਸ ਨੂੰ ਸ਼ਬਦਾਂ ਵਿਚ ਬਿਆਨ ਨਹੀਂ ਕੀਤਾ ਜਾ ਸਕਦਾ!

ਅਤੇ ਸਾਨੂੰ ਇਸ ਜ਼ਿੰਦਗੀ ਦੇ ਮੁੱਲ ਨੂੰ ਚੇਤੇ ਰੱਖਣ ਦੀ ਲੋੜ ਹੈ! ਮੇਰੇ ਲਈ ਮੇਰੀ ਜ਼ਿੰਦਗੀ ਦਾ ਮੁੱਲ ਕੀ ਹੈ? ਇਸ ਦੇ ਵੱਟੇ ਮੈਂ ਕੀ ਲੈਣਾ ਪਸੰਦ ਕਰਾਂਗਾ? ਇਹ ਤਾਂ ਸਪਸ਼ਟ ਹੀ ਹੈ ਕਿ ਸਾਡੇ ਵਿਚੋਂ ਕੋਈ ਵੀ ਇਸ ਦਾ ਮੁੱਲ ਨਹੀਂ ਲਗਾਉਣਾ ਚਾਹੇਗਾ ਕਿਉਂਕਿ ਸਾਡੇ ਲਈ ਤਾਂ ਇਹ ਅਣਮੁੱਲੀ ਹੈ।

ਸਾਨੂੰ ਜ਼ਿੰਦਗੀ ਦੀਆਂ ਹੋਰਨਾਂ ਸੰਭਾਵਨਾਵਾਂ ਬਾਰੇ ਵੀ ਸੋਚਣਾ ਪਵੇਗਾ। ਇਸ ਸੰਸਾਰ ਵਿਚ ਜਨਮ ਲੈਣ ਵਾਲਾ ਹਰੇਕ ਲੜਕਾ ਯੂਹੰਨਾ ਵੀ ਬਣ ਸਕਦਾ ਹੈ ਅਤੇ ਯਹੂਦਾ ਵੀ, ਪੌਲੁਸ ਵੀ ਬਣ ਸਕਦਾ ਹੈ ਅਤੇ ਪਿਲਾਤੁਸ ਵੀ! ਇਥੇ ਭਲਿਆਈ ਅਤੇ

ਬੁਰਾਈ, ਲਾਹੇਵੰਦੀ ਅਤੇ ਨਿਕੰਮੇਪਣ, ਖੁਸ਼ਹਾਲੀ ਅਤੇ ਬਦਹਾਲੀ ਦੀਆਂ ਅਣਗਿਣਤ ਸੰਭਾਵਨਾਵਾਂ ਮੌਜੂਦ ਹਨ।

ਜਦੋਂ ਅਸੀਂ ਇਨ੍ਹਾਂ ਸੱਚਾਈਆਂ ਨੂੰ ਸਿਆਣ ਜਾਂਦੇ ਹਾਂ ਤਾਂ ਅਸੀਂ ਇਹ ਵੀ ਸਮਝ ਜਾਂਦੇ ਹਾਂ ਕਿ ਜ਼ਿੰਦਗੀ ਇਕ ਮੁਕੱਦਸ ਭਰੋਸਾ ਹੈ, ਕਿ ਇਸ ਨੂੰ ਵਿਅਰਥ ਨਹੀਂ ਗੁਆਇਆ ਜਾਣਾ ਚਾਹੀਦਾ, ਸਗੋਂ ਸਰਬਉੱਤਮ ਵਰਤੋਂ ਲਈ ਇਸ ਨੂੰ ਸਮਰਪਤ ਕੀਤਾ ਜਾਣਾ ਚਾਹੀਦਾ ਹੈ।

> "ਮਨੁੱਖ ਇਸ ਨੂੰ ਤੁੱਛ ਨਾ ਜਾਣੇ, ਜ਼ਿੰਦਗੀ ਬਹੁਤ ਛੋਟੀ ਹੈ
> ਇਥੇ ਤਾਂ ਪਾਪ ਵੀ ਹੈ। ਸਾਡੀ ਜ਼ਿੰਦਗੀ ਤਾਂ ਇਕ ਝੜਦੇ ਪੱਤੇ ਜਿਹੀ ਅਤੇ ਟਪਕਦੇ ਹੰਝੂ ਜਿਹੀ ਹੈ।
> ਸਾਡੇ ਕੋਲ ਸਮਾਂ ਨਹੀਂ ਬਚਿਆ ਹੈ ਕਿ ਅਸੀਂ ਸਮਾਂ ਵਿਅਰਥ ਗਵਾਈਏ;
> ਸਾਡੇ ਇਸ ਸੰਸਾਰ ਵਿਚ ਸਾਰੇ ਸੰਜੀਦਾ ਹੋ ਜਾਣ।
> ਬਹੁਤ ਸਾਰੀਆਂ ਜ਼ਿੰਦਗੀਆਂ ਨਹੀਂ, ਪਰ ਸਾਡੇ ਕੋਲ ਕੇਵਲ ਇਕੋ ਹੈ—
> ਇਕੋ, ਕੇਵਲ ਇਕੋ; ਇਹ ਇਕਮਾਤਰ ਜ਼ਿੰਦਗੀ ਕਿੰਨੀ ਪਵਿੱਤਰ ਹੋਣੀ ਚਾਹੀਦੀ ਹੈ—
> ਇਹ ਸੀਮਤ ਸਮਾਂ!
> ਅਸੀਂ ਦਿਨ-ਬ-ਦਿਨ ਅਸੀਮਤ ਮਿਹਨਤ ਕਰਕੇ, ਰੋਜਾਨਾ ਨਵੀਂ ਦੌਲਤ ਕਮਾਈ ਜਾਂਦੇ ਹਾਂ।"
>
> —ਹੋਰੇਸ਼ਿਯਸ ਬੋਨਰ

"ਬਹੁਤ ਸਾਰੀਆਂ ਜ਼ਿੰਦਗੀਆਂ ਨਹੀਂ!" "ਇਕੋ, ਕੇਵਲ ਇਕੋ!" "ਸੀਮਤ ਸਮਾਂ!"

ਇਹ ਸਾਨੂੰ ਉਸ ਮਿਸਾਲ ਦੀ ਯਾਦ ਦਿਵਾਉਂਦਾ ਹੈ ਜਿਹੜਾ ਸੀ. ਈ. ਟਾਥਾਮ ਨੇ ਇਸ ਜੀਵਨ ਦੀ ਪਵਿੱਤਰਤਾ ਦਾ ਉਦਾਹਰਣ ਪੇਸ਼ ਕਰਨ ਲਈ ਦਿੱਤਾ ਸੀ। ਇਕ ਛੋਟੀ ਲੜਕੀ ਆਪਣੀ ਮਾਂ ਦੇ ਨਾਲ ਬਜਾਰ ਗਈ ਹੋਈ ਸੀ ਅਤੇ ਉਸ ਨੂੰ ਕਿਹਾ ਗਿਆ ਸੀ ਕਿ ਰਾਸ਼ਨ ਖਰੀਦਣ ਤੋਂ ਬਾਦ ਉਹ ਆਪਣੇ ਲਈ ਟਾਫ਼ੀਆਂ ਖਰੀਦ ਸਕਦੀ ਹੈ। ਉਹ ਸ਼ੀਸ਼ੇ ਦੇ ਬਕਸਿਆਂ ਵਿਚ ਪਈਆਂ ਵੰਨ-ਸੁਵੰਨੀਆਂ ਅਤੇ ਅੱਖਾਂ ਨੂੰ ਲੁਭਾਉਣ ਵਾਲੀਆਂ ਟਾਫ਼ੀਆਂ ਨੂੰ ਬੜੇ ਧਿਆਨ ਨਾਲ ਵੇਖਦੀ ਰਹੀ। ਪਹਿਲਾਂ ਉਸ ਨੇ ਕਿਸੇ ਇਕ ਟਾਫ਼ੀ ਵੱਲ ਇਸ਼ਾਰਾ ਕਰਦਿਆਂ ਆਖਿਆ, "ਮੈਨੂੰ ਆਹ ਵਾਲੀ ਦੇ ਦਿਓ।" ਜਿਵੇਂ ਹੀ ਦੁਕਾਨਦਾਰ ਉਸ ਨੂੰ ਉਹ ਟਾਫ਼ੀ ਦੇਣ ਲੱਗਾ, ਉਸ ਨੇ ਤੁਰੰਤ ਹੀ ਥੋੜ੍ਹਾ ਜਿਹਾ ਸ਼ਰਮਾ ਕੇ ਉਸ ਦੇ ਨਾਲ ਪਈ ਟਾਫ਼ੀ ਵੱਲ ਇਸ਼ਾਰਾ ਕਰਦਿਆਂ ਕਿਹਾ, "ਨਹੀਂ, ਨਹੀਂ, ਮੈਨੂੰ ਆਹ ਵਾਲੀ ਚਾਹੀਦੀ ਹੈ।" ਜਦੋਂ ਉਹ ਬਾਰ-ਬਾਰ ਅਜਿਹਾ ਕਰਦੀ ਰਹੀ ਹੈ ਅਤੇ ਫੈਸਲਾ ਨਾ ਕਰ ਸਕੀ ਕਿ ਕਿਹੜੀ ਟਾਫ਼ੀ ਖਰੀਦੇ, ਤਾਂ ਉਸ ਦੀ ਮਾਂ ਨੇ ਥੋੜ੍ਹਾ ਖਿਝਦਿਆਂ ਹੋਇਆਂ ਉਸ ਨੂੰ ਝਿੜਕਿਆ, "ਕੁੜੀਏ, ਜੋ ਲੈਣਾ ਹੈ ਛੇਤੀ ਲੈ ਅਤੇ ਤੁਰ ਪੈ।" ਇਹ ਸੁਣ ਕੇ ਉਸ ਨਿੱਕੀ ਜਿਹੀ ਜਾਨ ਨੇ ਬੜਾ ਹੀ ਪਿਆਰਾ ਜਵਾਬ ਦਿੱਤਾ, "ਮਾਂ, ਮੈਨੂੰ ਖਰਚਣ ਲਈ ਇਕੋ ਰੁਪਈਆ ਤਾਂ ਮਿਲਿਆ ਹੈ, ਮੈਨੂੰ ਚੰਗੀ ਤਰ੍ਹਾਂ ਸੋਚ ਲੈਣ ਦਿਓ।"

"ਕੇਵਲ ਇਕੋ ਰੁਪਈਆ!" ਇਸ ਨੂੰ ਬੁੱਧੀਮਾਨੀ ਨਾਲ ਖਰਚੋ।

ਸਾਨੂੰ ਆਪਣੇ ਆਪ ਨੂੰ ਇਹ ਗੱਲ ਬਾਰ-ਬਾਰ ਚੇਤੇ ਕਰਾਉਂਦਿਆਂ ਰਹਿਣ ਦੀ ਲੋੜ ਹੈ। ਅਜਿਹਾ ਕਰਨ ਲਈ ਬ੍ਰਿਟੇਨ ਦੇ ਰਾਜਾ ਜੌਰਜ ਪੰਜਵੇਂ ਨੇ ਆਪਣੇ ਮੇਜ਼ ਉੱਤੇ ਇਕ ਲਿਖਤ ਲਿਖ ਕੇ ਰੱਖੀ ਹੋਈ ਸੀ। ਇਹ ਵਾਕ ਉੱਨੀਵੀਂ ਸਦੀ ਦੇ ਅਰੰਭ ਦੇ ਇਕ ਅਮਰੀਕੀ ਕਵੇਕਰ ਸਟੀਵਨ ਗ੍ਰੈਲਟ ਦੁਆਰਾ ਲਿਖੇ ਗਏ ਸਨ, ਉਨ੍ਹਾਂ ਦੇ ਬੋਲ ਇਸ ਤਰ੍ਹਾਂ ਹਨ:

> ਇਸ ਸੰਸਾਰ ਵਿਚ ਮੇਰੀ ਯਾਤਰਾ ਇਕੋ ਵਾਰੀ ਹੋਵੇਗੀ। ਜੇਕਰ ਮੈਂ ਕੋਈ ਭਲਾਈ ਕਰ ਸਕਦਾ ਹਾਂ ਜਾਂ ਕਿਸੇ ਮਨੁੱਖ ਲਈ ਕੋਈ ਦਿਆਲਗੀ ਦਾ ਕੰਮ ਕਰ ਸਕਦਾ ਹਾਂ, ਤਾਂ ਉਹ ਮੈਨੂੰ ਹੁਣੇ ਕਰ ਲੈਣ ਦਿਓ। ਨਾ ਤਾਂ ਮੈਂ ਇਸ ਨੂੰ ਟਾਲਣਾ ਚਾਹੁੰਦਾ ਹਾਂ ਅਤੇ ਨਾ ਹੀ ਇਸ ਦੀ ਅਣਗਹਿਲੀ ਕਰਨਾ ਚਾਹੁੰਦਾ ਹਾਂ, ਕਿਉਂਕਿ ਮੈਂ ਇਸ ਸੰਸਾਰ ਵਿਚ ਦੁਬਾਰਾ ਕਦੇ ਨਹੀਂ ਆਵਾਂਗਾ।

ਅਤੇ ਏਵਿਸ ਬੀ. ਕ੍ਰਿਸਟੀਅਨਸਨ ਨੇ ਧਰਤੀ ਉਤਲੇ ਜੀਵਨ ਦੀ ਗੰਭੀਰਤਾ ਨੂੰ ਆਪਣੀ ਇਕ ਕਵਿਤਾ* ਵਿਚ ਇਸ ਤਰ੍ਹਾਂ ਦਰਸ਼ਾਇਆ ਹੈ:

> ਯਿਸੂ, ਮੇਰੇ ਪ੍ਰਭੂ ਅਤੇ ਮੇਰੇ ਰਾਜਾ, ਤੈਨੂੰ ਦੇਣ ਲਈ ਮੇਰੇ ਕੋਲ ਇਕੋ ਜ਼ਿੰਦਗੀ ਹੈ; ਤੇਰੀ ਉਸਤਤ ਕਰਨ ਅਤੇ ਤੇਰੀ ਦਯਾ ਦੇ ਗੀਤ ਗਾਉਣ ਲਈ ਇਕੋ ਜੀਭ ਮਿਲੀ ਹੈ; ਹੇ ਮੁਕਤੀਦਾਤਾ, ਤੇਰੀ ਭਗਤੀ ਲਈ ਇਕੋ ਦਿਲ ਮਿਲਿਆ ਹੈ, ਖ਼ੁਦਾ ਕਰੇ ਕਿ ਇਹ ਕੇਵਲ ਤੇਰੀ ਅਤੁੱਲ ਮਹਿਮਾ ਲਈ ਪਵਿੱਤਰ ਠਹਿਰੇ ਅਤੇ ਤੇਰੇ ਚਰਨਾਂ ਵਿਚ ਪੂਰੀ ਤਰ੍ਹਾਂ ਅਰਪਤ ਰਹੇ।
>
> ਹੇ ਪ੍ਰਭੂ, ਮੇਰੇ ਕੋਲ ਬਸ ਇਹੋ ਸਮਾਂ ਹੈ; ਖ਼ੁਦਾ ਕਰੇ ਕਿ ਬੀਤਦੀ ਜਾਂਦੀ ਇਕ-ਇਕ ਘੜੀ ਸਦੀਪਕਤਾ ਦੇ ਲੇਖੇ ਲੱਗੇ; ਲੋਕ ਮਰ ਰਹੇ ਹਨ, ਸ਼ਰਮ ਅਤੇ ਪਾਪ ਵਿਚ ਮਰ ਰਹੇ ਹਨ; ਮੇਰੀ ਮਦਦ ਕਰ ਕਿ ਮੈਂ ਤੇਰੇ ਨਾਮ ਵਿਚ ਕਲਵਰੀ ਦੇ ਛੁਟਕਾਰੇ ਦੇ ਸੁਨੇਹੇ ਨੂੰ ਉਨ੍ਹਾਂ ਦੇ ਕੋਲ ਲੈ ਜਾ ਸਕਾਂ।
>
> ਪਿਆਰੇ ਪ੍ਰਭੂ, ਤੈਨੂੰ ਦੇਣ ਲਈ ਮੇਰੇ ਕੋਲ ਇਕੋ ਜ਼ਿੰਦਗੀ ਹੈ; ਮੇਰੀ ਪ੍ਰਾਰਥਨਾ ਹੈ ਕਿ ਇਸ ਨੂੰ ਤੂੰ ਲੈ ਲੈ; ਮੇਰਾ ਆਪਣਾ ਕੁਝ ਵੀ ਨਹੀਂ ਹੈ, ਹੁਣ ਮੈਂ ਤੇਰੀ ਹੀ ਮਰਜ਼ੀ ਪੂਰੀ ਕਰਾਂ; ਤੂੰ ਆਪਣਾ ਸਭਕੁਝ ਮੇਰੇ ਲਈ ਦਿਲ ਖੋਲ੍ਹ ਕੇ ਦੇ ਦਿੱਤਾ ਹੈ, ਹੁਣ ਮੇਰੀ ਜ਼ਿੰਦਗੀ ਤੂੰ ਆਪਣੇ ਲਈ ਇਸਤੇਮਾਲ ਕਰ, ਮੇਰੇ ਮੁਕਤੀਦਾਤਾ, ਮੇਰੀ ਜ਼ਿੰਦਗੀ ਦੀ ਇਕ-ਇਕ ਘੜੀ ਹੁਣ ਤੇਰੀ ਹੀ ਹੈ।

ਇਸ ਲਈ ਆਓ, ਇਸ ਪਹਿਲੀ ਜੀਵਨ-ਪਰਿਵਰਤਕ ਸੱਚਾਈ ਦਾ ਸਿੱਧਾ ਸਾਹਮਣਾ ਕਰੀਏ, "ਕੇਵਲ ਇਕੋ ਜ਼ਿੰਦਗੀ", ਅਤੇ ਆਪਣੇ ਆਪ ਤੋਂ ਪੂਰੀ ਇਮਾਨਦਾਰੀ ਨਾਲ ਪੁੱਛੀਏ ਕਿ ਜੇਕਰ ਇਸ ਰੋਸ਼ਨੀ ਵਿਚ ਵੇਖਿਆ ਜਾਵੇ ਤਾਂ ਕੀ ਸਾਡੇ ਮੌਜੂਦਾ ਕੰਮ ਅਤੇ ਉੱਚੀਆਂ ਤਾਂਘਾਂ ਇਸ ਦੇ ਯੋਗ ਹਨ।

---

* LOW VOICE NO. 1 HYMNBOOK (Chicago: Moody Preu. 1954), #10.

# ਬਹੁਤ ਹੀ ਛੋਟੀ

ਜੇਕਰ ਇਹ ਸੰਜੀਦਗੀ ਭਰਿਆ ਵਿਚਾਰ, ਕਿ ਸਾਨੂੰ ਇਕੋ ਜੀਵਨ ਮਿਲਿਆ ਹੈ, ਸਾਨੂੰ ਇੰਨੀ ਹੈਰਤ ਵਿਚ ਪਾ ਸਕਦਾ ਹੈ ਤਾਂ ਇਹ ਖਿਆਲ ਸਾਨੂੰ ਕਿੰਨਾ ਕੁ ਹੈਰਾਨ ਕਰੇਗਾ ਕਿ ਇਹ ਜ਼ਿੰਦਗੀ ਕਿੰਨੀ ਛੋਟੀ ਹੈ। ਇਕੋ ਇਕ ਜ਼ਿੰਦਗੀ ਦਾ ਵਿਚਾਰ ਸਾਡੇ ਵਿਚ ਉਸ ਵੇਲੇ ਕਾਹਲ ਦਾ ਭਾਵ ਨਾ ਜਗਾਉਂਦਾ ਜੇਕਰ ਇਸ ਇਕ ਜ਼ਿੰਦਗੀ ਦੀ ਲੰਬਾਈ ਇਕ ਹਜਾਰ ਸਾਲ ਜਾਂ ਪੰਜ ਸੌ ਸਾਲ ਜਾਂ ਫਿਰ ਘੱਟੋ-ਘੱਟ ਦੋ ਸੌ ਸਾਲ ਵੀ ਹੁੰਦੀ। ਪਰ ਜਦੋਂ ਅਸੀਂ ਇਹ ਸਿਆਣ ਜਾਂਦੇ ਹਾਂ ਕਿ ਸਾਡੇ ਵਿਚੋਂ ਕੋਈ ਵੀ ਅੱਜ ਤੋਂ ਲੈ ਕੇ ਅਗਲੇ ਸੌ ਸਾਲ ਤਕ ਨਹੀਂ ਜੀਵੇਗਾ, ਅਤੇ ਸਾਡੇ ਵਿਚੋਂ ਜ਼ਿਆਦਾਤਰ ਤਾਂ ਅਗਲੇ ਪੰਜਾਹ ਸਾਲ ਵੀ ਨਹੀਂ ਜੀ ਸਕਾਂਗੇ, ਉਦੋਂ ਇਸ ਜ਼ਿੰਦਗੀ ਦੇ ਛੋਟੇਪਨ ਨੂੰ ਵੇਖ ਕੇ ਕਿਸ ਦੀਆਂ ਭਾਵਨਾਵਾਂ ਉਤੇਜਿਤ ਨਹੀਂ ਹੋਣਗੀਆਂ!

ਤੁਸੀਂ ਕਿੰਨਾ ਚਿਰ ਜਿਉਣ ਦੀ ਉਮੀਦ ਲਗਾਈ ਬੈਠੇ ਹੋ? ਬਾਈਬਲ ਵਿਚ ਮਨੁੱਖ ਦੀ ਔਸਤਨ ਉਮਰ ਸੱਤਰ ਜਾਂ ਵੱਧ ਤੋਂ ਵੱਧ ਅੱਸੀ ਵਰ੍ਹੇ ਦੱਸੀ ਗਈ ਹੈ (ਜ਼ਬੂਰ 90:10)। ਥੋੜੀ ਦੇਰ ਲਈ ਅਸੀਂ ਮੰਨ ਲੈਂਦੇ ਹਾਂ ਕਿ ਤੁਸੀਂ ਇੰਨੀ ਉਮਰ ਹੀ ਜੀਓਗੇ! ਸਭ ਤੋਂ ਪਹਿਲਾਂ ਤਾਂ ਤੁਸੀਂ ਇਸ ਵਿਚੋਂ ਆਪਣੀ ਮੌਜੂਦਾ ਉਮਰ ਘਟਾ ਦਿਓ। ਇਸ ਤਰ੍ਹਾਂ ਤੁਹਾਨੂੰ ਉਹ ਵਰ੍ਹੇ ਮਿਲ ਜਾਣਗੇ ਜਿਨ੍ਹਾਂ ਚਿਰ ਜਿਉਣ ਦੀ ਉਮੀਦ ਤੁਸੀਂ ਲਗਾ ਸਕਦੇ ਹੋ। ਪਰ ਇਸ ਸਮੇਂ ਵਿਚੋਂ ਵੀ ਤੁਹਾਨੂੰ ਉਹ ਸਮਾਂ ਘਟਾਉਣਾ ਪਵੇਗਾ ਜਿਹੜਾ ਤੁਸੀਂ ਸੌਣ ਵਿਚ, ਆਪਣੀ ਨੌਕਰੀ ਜਾਂ ਕਾਰੋਬਾਰ ਵਿਚ, ਲੋੜੀਂਦੀਆਂ ਜ਼ਿੰਮੇਦਾਰੀਆਂ ਪੂਰੀਆਂ ਕਰਨ ਵਿਚ, ਬੀਮਾਰੀ ਅਤੇ ਅਯੋਗਤਾ ਵਿਚ ਬਿਤਾਓਗੇ। ਹੁਣ ਤੁਹਾਡੇ ਕੋਲ ਯਿਸੂ ਮਸੀਹ ਦੀ ਅਜਿਹੀ ਸੇਵਾ ਕਰਨ ਲਈ, ਜਿਸ ਵਿਚ ਕੋਈ ਵਿਘਣ ਨਾ ਪਵੇ, ਕਿੰਨਾ ਸਮਾਂ ਬਾਕੀ ਰਹਿ ਜਾਂਦਾ ਹੈ? ਇਸ ਦਾ ਜਵਾਬ ਹੈ, "ਬਹੁਤ ਜ਼ਿਆਦਾ ਨਹੀਂ!"

ਇਸ ਜ਼ਿੰਦਗੀ ਦੀ ਸੰਖੇਪਤਾ ਨੂੰ ਦਰਸ਼ਾਉਣ ਲਈ ਬਾਈਬਲ ਅਜਿਹੇ ਸ਼ਬਦਾਂ ਦੀ ਵਰਤੋਂ ਕਰਦੀ ਹੈ, ਜਿਹੜੇ ਇਹ ਦਰਸ਼ਾਉਂਦੇ ਹਨ ਕਿ ਇਹ ਜ਼ਿੰਦਗੀ ਤੁਰੰਤ ਹੀ ਬੀਤ ਜਾਵੇਗੀ।

ਮੂਸਾ ਇਸ ਦੀ ਤੁਲਨਾ ਨੀਂਦ ਨਾਲ ਕਰਦਾ ਹੈ।
ਦਾਊਦ ਆਖਦਾ ਹੈ ਕਿ ਇਕ ਪਰਛਾਈ ਦੀ ਤਰ੍ਹਾਂ ਹੈ।

ਅੱਯੂਬ ਦੇ ਅਨੁਸਾਰ ਇਹ ਜੁਲਾਹੇ ਦੀ ਨਾਲ਼ ਵਰਗੀ ਹੈ।
ਯਾਕੂਬ ਨੂੰ ਲਗਦਾ ਹੈ ਕਿ ਇਹ ਬਸ ਭਾਫ਼ ਹੀ ਹੈ।
ਪਤਰਸ ਇਸ ਨੂੰ ਘਾਹ ਦੇ ਤੁੱਲ ਵੇਖਦਾ ਹੈ ਜਿਹੜੀ ਸੁੱਕ ਜਾਂਦੀ ਹੈ।

ਇਹ ਆਉਂਦੀ ਹੈ ਅਤੇ ਤੁਰੰਤ, ਬਿਨਾਂ ਕੋਈ ਢਿੱਲ ਪਾਇਆਂ, ਚਲੀ ਜਾਂਦੀ ਹੈ, ਅਤੇ ਇਸ ਦੇ ਨਾਲ ਇਸ ਦੀ ਸਾਰੀ ਚਮਕ-ਦਮਕ ਜਾਂਦੀ ਰਹਿੰਦੀ ਹੈ।

ਮੁਰਦਾਘਰ, ਮੁਰਦੇ ਲੈ ਜਾਣ ਵਾਲੀ ਗੱਡੀ ਅਤੇ ਕਬਰਸਤਾਨ ਮਿਲ ਕੇ ਸਾਡਾ ਮਖੌਲ ਉਡਾਉਂਦੇ ਹਨ ਕਿ ਅਸੀਂ ਇਸੇ ਭੁਲਾਵੇ ਵਿਚ ਫਿਰੀ ਜਾਂਦੇ ਹਾਂ ਕਿ ਸਾਡਾ ਚਿਰਸਥਾਈ ਘਰ ਇਥੇ ਹੀ ਹੈ। ਇਕ ਵੀ ਦਿਨ ਸਾਨੂੰ ਇਹ ਚੇਤੇ ਕਰਵਾਏ ਬਿਨਾਂ ਨਹੀਂ ਲੰਘਦਾ ਕਿ "ਇਕੋ ਦਰਖਤ ਤੋਂ ਪੰਘੂੜੇ ਵੀ ਬਣਾਏ ਜਾਂਦੇ ਹਨ ਅਤੇ ਤਾਬੂਤ ਵੀ"।[1]

ਜੇਕਰ ਕੋਈ ਇਹ ਇਤਰਾਜ਼ ਜਤਾਉਂਦਾ ਹੈ ਕਿ ਮਸੀਹੀ ਨਜ਼ਰੀਆਂ ਮੌਤ ਨਹੀਂ ਪ੍ਰਭੂ ਦੀ ਵਾਪਸੀ ਦਾ ਹੋਣਾ ਚਾਹੀਦਾ ਹੈ ਤਾਂ ਸਾਡੀ ਜ਼ਿੰਦਗੀ ਦੀ ਅਨਿਸ਼ਚਿਤਤਾ ਦਾ ਤਰਕ ਤਾਂ ਹੋਰ ਵੀ ਦ੍ਰਿੜ੍ਹ ਹੋ ਜਾਂਦਾ ਹੈ। ਕਿਉਂਕਿ ਜਿਥੇ ਸਾਡੇ ਵਿਚੋਂ ਕਈ ਲੋਕ ਇਹੋ ਉਮੀਦ ਲਗਾਈ ਬੈਠੇ ਹਨ ਕਿ ਅਸੀਂ ਤਾਂ ਅਜੇ ਹੋਰ ਕਈ ਸਾਲ ਜਿਉਣਾ ਹੈ, ਉਥੇ ਦੂਜੇ ਪਾਸੇ ਅਸੀਂ ਇਹ ਉਮੀਦ ਬਿਲਕੁਲ ਵੀ ਨਹੀਂ ਲਗਾਉਂਦੇ ਕਿ ਕੀ ਪਤਾ ਉਹ ਪੁਕਾਰ, ਉਹ ਅਵਾਜ਼, ਪਰਮੇਸ਼ਰ ਦੀ ਉਹ ਤੁਰਹੀ ਜਿਹੜੀ ਸਾਡੇ ਮੁਕਤੀਦਾਤਾ ਦੀ ਵਾਪਸੀ ਵੱਲ ਇਸ਼ਾਰਾ ਕਰੇਗੀ, ਉਹ ਅਗਲੀ ਹੀ ਘੜੀ ਸੁਣਾਈ ਦੇ ਜਾਵੇ। ਸਿਆਸੀ ਸਰਗਰਮੀਆਂ ਅਤੇ ਨੈਤਿਕ ਪਤਨ ਪਰਮੇਸ਼ਰ ਦੇ ਵਚਨ ਦੇ ਅਨੁਸਾਰ ਉਸ ਦੀ ਅਟੱਲ ਵਾਪਸੀ ਦੀ ਗਵਾਹੀ ਦੇ ਰਹੇ ਹਨ।

ਇਨ੍ਹਾਂ ਸਭਨਾਂ ਗੱਲਾਂ ਦਾ ਅਰਥ ਕੀ ਹੈ? ਬਸ ਇਹੋ ਕਿ—ਜਿਸ ਕਿਸੇ ਦੇ ਮਨ ਵਿਚ ਪਰਮੇਸ਼ਰ ਦੇ ਵਿਚਾਰ ਹਨ, ਉਸ ਦੇ ਕੋਲ ਗੁਆਉਣ ਲਈ ਸਮਾਂ ਬਿਲਕੁਲ ਵੀ ਨਹੀਂ ਹੈ। ਸਗੋਂ ਉਸ ਨੂੰ ਤਾਂ ਹਰੇਕ ਮਿੰਟ ਨੂੰ ਇਕ ਪਵਿੱਤਰ ਘੜੀ ਵੱਜੋਂ ਵੇਖਣਾ ਚਾਹੀਦਾ ਹੈ। ਸਗੋਂ ਉਸ ਲਈ ਤਾਂ ਹਰੇਕ ਘੜੀ ਵਡਮੁੱਲੀ ਹੋ ਜਾਣੀ ਚਾਹੀਦੀ ਹੈ। ਸਗੋਂ ਉਸ ਨੂੰ ਤਾਂ ਹਰੇਕ ਦਿਨ ਮਸੀਹ ਦੇ ਨਿਆਂ ਸਿੰਘਾਸਣ ਅੱਗੇ ਖੜ੍ਹੇ ਹੋਣ ਦੀ ਯੋਜਨਾ ਨਵੇਂ ਸਿਰਿਓਂ ਬਣਾਉਣੀ ਚਾਹੀਦੀ ਹੈ।

ਰੋਜਾਨਾ ਸਵੇਰੇ ਇਕ ਗੁਲਾਮ ਲੜਕੀ ਮੈਸੇਡੋਨ ਦੇ ਫ਼ਿਲਿਪ ਨੂੰ ਆਖਦੀ ਹੁੰਦੀ ਸੀ, "ਫ਼ਿਲਿਪ, ਚੇਤੇ ਰੱਖ, ਇਕ ਦਿਨ ਤੂੰ ਮਰ ਜਾਵੇਂਗਾ!" ਉਹ ਰੋਜਾਨਾ ਇਸ ਅਟੱਲ ਤੱਥ ਦੀ ਰੋਸ਼ਨੀ ਵਿਚ ਜਿਉਂਦਾ ਸੀ।

ਸਾਨੂੰ ਵੀ ਪਵਿੱਤਰ ਆਤਮਾ ਰੋਜਾਨਾ ਬਾਈਬਲ ਦੇ ਰਾਹੀਂ ਚੇਤੇ ਕਰਾਉਂਦਾ ਰਹਿੰਦਾ ਹੈ ਕਿ ਅਸੀਂ ਵੀ, "ਮਿੱਟੀ ਦੇ ਅਭਾਗੇ ਭਾਂਡੇ ਹਾਂ, ਜਿਨ੍ਹਾਂ ਦਾ ਜਨਮ ਛਿਣਮਾਤਰ ਸਮੇਂ ਲਈ ਹੀ ਹੋਇਆ ਹੈ।" ਸਾਨੂੰ ਵੀ ਆਪਣੀ ਜ਼ਿੰਦਗੀ ਸਦੀਪਕਤਾ ਨੂੰ ਧਿਆਨ ਵਿਚ ਰੱਖਦਿਆਂ ਜਿਉਣੀ ਚਾਹੀਦੀ ਹੈ।

---

1. Will Houghton, BY LIFE OR BY DEATH (Poem), Copyright 1938 by George S. Schuler. Hope Publishing Company, owner.

ਮੇਰੀ ਮਦਦ ਕਰ ਕਿ ਮੈਂ ਇਸ ਸਮੇਂ ਦੇ ਮੁੱਲ ਨੂੰ ਸਮਝ ਸਕਾਂ,
ਮੇਰੀ ਮਦਦ ਕਰ ਕਿ ਮੈਂ ਇਸ ਸਾਰੀ ਵਿਅਰਥਾ ਦੀ ਮੂਰਖਤਾ ਨੂੰ ਵੇਖ ਸਕਾਂ;
ਮੇਰੀ ਮਦਦ ਕਰ ਕਿ ਮੈਂ ਉਸ ਯਿਸੂ ਮਸੀਹ 'ਤੇ ਭਰੋਸਾ ਕਰਾਂ ਜਿਸ ਨੇ ਮੇਰੇ ਸਾਰੇ ਦੁਖ ਚੁੱਕ ਲਏ,
ਅਤੇ ਹੁਣ ਮੇਰੀ ਜ਼ਿੰਦਗੀ ਜਾਂ ਮੌਤ ਤੇਰੇ ਹੀ ਲਈ ਹੋਵੇ।
ਮੇਰੇ ਜੀਵਨਭਰ, ਪ੍ਰਭੂ ਯਿਸੂ, ਤੇਰੀ ਮਹਿਮਾ ਹੋਵੇ,
ਮੇਰੇ ਸਾਰਿਆਂ ਰਾਹਾਂ ਵਿਚ ਮੇਰੀ ਨਿਗਾਹਬਾਨੀ ਕਰ;
ਜਿਵੇਂ ਅਤੇ ਜਦੋਂ ਤੂੰ ਚਾਹੇਂ, ਪ੍ਰਭੂ ਯਿਸੂ, ਮੈਨੂੰ ਇਸਤੇਮਾਲ ਕਰ,
ਅਤੇ ਮੇਰੀ ਜ਼ਿੰਦਗੀ ਅਤੇ ਮੌਤ ਕੇਵਲ ਮਸੀਹ ਦੀ ਹੈ।[1]

ਅੱਜ—ਕੱਲ੍ਹ—ਅਤੇ ਆਉਣ **ਵਾਲੇ ਦਿਨਾਂ ਲਈ ਤੁਹਾਡੀ ਕੀ ਯੋਜਨਾ ਹੈ?**
*ਅਤੇ ਉਸ ਤੋਂ ਬਾਦ ਕੀ?*

1. Ibid.

# ਸਦੀਪਕਤਾ

ਜੇਕਰ ਸਮੇਂ ਦੀ ਸੰਖੇਪਤਾ ਇਕ ਕੌੜਾ ਸੱਚ ਹੈ, ਤਾਂ ਸਦੀਪਕਤਾ ਦੀ ਅਨੰਤਤਾ ਹੋਰ ਕਿੰਨੀ ਹੈਰਾਨੀਜਨਕ ਹੋਵੇਗੀ। ਇਸ ਨੂੰ ਸਮਝਣ ਲਈ ਸਾਡੀ ਭਾਸ਼ਾ ਦੇ ਜਿੰਨੇ ਵੀ ਸ਼ਬਦ ਵਰਤੇ ਜਾਣ ਉਹ ਥੋੜੇ ਹੀ ਹੋਣਗੇ। ਇਸ ਦੇ ਛਲਾਵੇ ਨੂੰ ਮਹਿਸੂਸ ਕਰਨ ਲਈ ਜ਼ਰਾ ਇਸ ਸੰਸਾਰ ਦੀ ਰਚਨਾ ਕੀਤੇ ਜਾਣ ਤੋਂ ਪਹਿਲਾਂ ਦੇ ਸਮੇਂ ਬਾਰੇ ਸੋਚ ਕੇ ਵੇਖੋ, ਫਿਰ ਉਸ ਤੋਂ ਵੀ ਪਹਿਲਾਂ ਉਸ ਸਮੇਂ ਬਾਰੇ ਸੋਚੋ ਜਦੋਂ ਸਵਰਗਦੂਤ ਰਚੇ ਗਏ ਸਨ, ਅਤੇ ਫਿਰ ਉਸ ਸਮੇਂ ਬਾਰੇ ਸੋਚ ਕੇ ਵੇਖੋ ਜਦੋਂ ਕੁਝ ਵੀ ਜਾਂ ਕੋਈ ਵੀ ਨਹੀਂ ਸੀ, ਕੇਵਲ ਪਰਮੇਸ਼ਰ ਸੀ। ਤੁਸੀਂ ਜਿੰਨਾ ਚਾਹੋ ਉੰਨਾ ਹੀ ਇਕ ਅਰੰਭਹੀਣ ਸਨਾਤਨਤਾ ਬਾਰੇ *ਸੋਚਦੇ ਜਾ ਸਕਦੇ ਹੋ।* ਉਸ ਤੋਂ ਪਹਿਲਾਂ, ਫਿਰ ਉਸ ਤੋਂ ਵੀ ਪਹਿਲਾਂ, ਅਤੇ ਫਿਰ ਉਸ ਤੋਂ ਵੀ ਪਹਿਲਾਂ। ਪਰਮੇਸ਼ਰ ਹਮੇਸ਼ਾ ਤੋਂ ਹੀ ਸੀ। ਉਸ ਦਾ ਅਰੰਭ ਕਦੇ ਨਹੀਂ ਹੋਇਆ।

ਹੁਣ ਆਪਣਾ ਮਨ ਭਵਿੱਖ ਵਿਚ ਦੌੜਾਓ—ਇਸ ਧਰਤੀ ਦੇ ਵਿਨਾਸ਼ ਤੋਂ ਬਾਦ, ਪਾਪ ਦੇ ਖ਼ਤਮ ਹੋ ਜਾਣ ਤੋਂ ਬਾਦ, ਅਤੇ ਸਮੇਂ ਦੇ ਰੁਕ ਜਾਣ ਤੋਂ ਬਾਦ ਬਾਰੇ ਸੋਚੋ। ਉਸ ਤੋਂ ਵੀ ਬਾਦ, ਉਸ ਤੋਂ ਵੀ ਬਾਦ, ਅਤੇ ਫਿਰ ਉਸ ਤੋਂ ਵੀ ਬਾਦ। ਸਦਾ, ਸਦਾ, ਸਦਾ ਲਈ। ਕੋਈ ਅੰਤ ਨਹੀਂ। ਕੋਈ ਅੰਤ ਨਹੀਂ। ਕੋਈ ਅੰਤ ਨਹੀਂ।

ਹੁਣ ਜਦੋਂ ਤੁਹਾਡਾ ਦਿਮਾਗ ਆਪਣੀਆਂ ਸੀਮਾਂਵਾਂ ਤੋਂ ਬਾਹਰ ਨਿਕਲ ਕੇ ਸੋਚਣ ’ਤੇ ਜ਼ੋਰ ਦੇ ਰਿਹਾ ਹੈ, ਤਾਂ ਨਾਲ ਹੀ ਇਹ ਵੀ ਚੇਤੇ ਰੱਖੋ ਕਿ ਤੁਸੀਂ ਸਦਾਕਾਲ ਵਿਚ ਜਿਉਂਦੇ ਰਹਿਣਾ ਹੈ। ਸਦਾ, ਸਦਾ, ਸਦਾਕਾਲ ਵਿਚ! ਅੰਤਹੀਣ ਜੀਵਨ!

ਸਦੀਪਕਤਾ!

ਲੋਕਾਂ ਨੇ ਇਸ ਦੇ ਅਰਥ ਨੂੰ ਸਮਝਣ ਦਾ ਬਹੁਤ ਜਤਨ ਕੀਤਾ ਹੈ! ਜਿਵੇਂ ਕਿ ਹੈਂਡ੍ਰਿਕ ਵਾਨ ਲੂਨ ਨੇ ਆਪਣੀ ਇਕ ਕਹਾਣੀ ਵਿਚ ਇਕ ਉੱਤਮ ਪਰ ਨਾਕਾਫ਼ੀ ਉਦਾਹਰਣ ਪੇਸ਼ ਕੀਤਾ:

> ਉੱਤਰ ਵਿਚ ਬਹੁਤ ਉਚਾਈ ’ਤੇ ਇਕ ਦੇਸ਼ ਹੈ ਜਿਸ ਦਾ ਨਾਮ ਸਵਿਥਜੋਡ ਹੈ। ਉਥੇ ਇਕ ਬਹੁਤ ਵੱਡੀ ਚਟਾਨ ਹੈ, ਜਿਸ ਦੀ ਉਚਾਈ ਇਕ ਸੌ ਮੀਲ ਅਤੇ ਚੌੜਾਈ ਇਕ ਸੌ ਮੀਲ ਹੈ। ਇਕ ਹਜਾਰ ਸਾਲ ਵਿਚ ਇਕ ਵਾਰੀ ਇਕ ਛੋਟਾ ਜਿਹਾ ਪੰਛੀ ਆ ਕੇ ਉਸ ਚਟਾਨ ਉੱਤੇ ਬੈਠਦਾ ਹੈ ਅਤੇ ਉਸ ਉੱਤੇ ਆਪਣੀ ਚੁੰਝ ਰਗੜ-ਰਗੜ ਕੇ ਤਿੱਖੀ ਕਰਦਾ ਹੈ। ਇਸ ਤਰ੍ਹਾਂ ਉਸ ਪੰਛੀ ਦੇ ਆਪਣੀ ਚੁੰਝ

ਤਿੱਖੀ ਕਰਨ ਲਈ ਰਗੜਣ ਦੇ ਕਾਰਨ ਜਿਸ ਦਿਨ ਉਹ ਚਟਾਨ ਘਿਸ-ਘਿਸ ਕੇ ਮੁੱਕ ਜਾਵੇਗੀ, ਉਸ ਦਿਨ ਸਦੀਪਕਤਾ ਦਾ ਇਕ ਦਿਨ ਪੂਰਾ ਹੋਵੇਗਾ।[1]

ਰੋਲੈਂਡ ਡਿਕਮਨ ਐਡਵਰਡਸ ਨੇ ਇਸ ਨੂੰ ਇਸ ਤਰ੍ਹਾਂ ਦਰਸ਼ਾਉਣ ਦਾ ਜਤਨ ਕੀਤਾ ਹੈ:

ਜੇਕਰ ਤੁਸੀਂ ਸਦੀਪਕਤਾ ਦੀ ਤੁਲਨਾ ਸਮੇਂ ਨਾਲ ਕਰਨਾ ਚਾਹੁੰਦੇ ਹੋ ਤਾਂ ਕਲਪਨਾ ਕਰੋ ਕਿ ਤੁਸੀਂ ਇਕ ਸਮੁੰਦਰੀ ਜਹਾਜ਼ ਵਿਚ ਸਫਰ ਕਰਦਿਆਂ ਕਿਸੇ ਰੱਸੀ ਨਾਲ ਇਕ ਚਮਚਾ ਹੇਠਾਂ ਲਟਕਾ ਕੇ ਉਸ ਵਿਚ ਮਹਾਂਸਾਗਰ ਦਾ ਨਮਕੀਨ ਪਾਣੀ ਭਰ ਕੇ ਉਤਾਂਹ ਚੁੱਕ ਲਿਆ ਹੈ ਤਾਂ ਤੁਸੀਂ ਆਖੋਗੇ ਕਿ ਮਹਾਂਸਾਗਰ ਵਿਚੋਂ ਇਕ ਚਮਚਾ ਪਾਣੀ ਕੱਢ ਲਿਆ ਗਿਆ ਹੈ। ਇਹ ਸਦੀਪਕਤਾ ਦੇ ਮਹਾਂਸਾਗਰ ਵਿਚੋਂ ਸਮਾਂ ਕੱਢਣ ਦੀ ਤਸਵੀਰ ਪੇਸ਼ ਕਰਦਾ ਹੈ।[2]

ਸਦੀਪਕਤਾ ਇਕ ਅਜਿਹਾ ਮਹਾਂਸਾਗਰ ਹੈ ਜਿਸ ਦੇ ਕੰਢੇ ਨਹੀਂ ਹਨ।
ਇਹ ਅਜਿਹਾ ਸਮਾਂ ਹੈ ਜਿਸ ਦਾ ਅੰਤ ਨਹੀਂ ਹੁੰਦਾ।
ਇਹ ਮੌਜੂਦਾ ਘੜੀ ਹੈ ਜਿਹੜੀ ਹਮੇਸ਼ਾ ਤਕ ਵਰਤਮਾਨ ਰਹੇਗੀ।
ਇਹ ਪਰਮੇਸ਼ਰ ਦਾ ਜੀਵਨਕਾਲ ਹੈ।
ਇਸ ਨੂੰ ਬਿਆਨ ਕਰਨ ਦਾ ਵਿਚਾਰ ਕਰਦਿਆਂ ਹੀ ਸ਼ਬਦ ਡਰ ਜਾਂਦੇ ਹਨ।

ਜਿਹੜਾ ਵਿਅਕਤੀ ਇਸ ਤੱਥ ਨੂੰ ਨਹੀਂ ਸਿਆਣਦਾ ਕਿ ਇਹ ਜ਼ਿੰਦਗੀ ਸਦੀਪਤਾ ਦੇ ਅੰਤਹੀਣ ਕੰਢੇ ਦੇ ਪਈ ਰੇਤ ਦੇ ਇਕ ਕਿਣਕੇ ਦੇ ਬਰਾਬਰ ਹੈ, ਉਹ ਤਰਕਸ਼ੀਲ ਹੋਣ ਦਾ ਦਾਅਵਾ ਬਿਲਕੁਲ ਨਹੀਂ ਕਰ ਸਕਦਾ। ਉਸ ਦਾ ਜੀਵਨ ਇਸੇ ਰੋਸ਼ਨੀ ਉੱਤੇ ਅਧਾਰਤ ਹੋਣਾ ਚਾਹੀਦਾ ਹੈ। ਉਸ ਨੂੰ ਸਦੀਪਕਤਾ ਦੇ ਮੁੱਲ ਨੂੰ ਧਿਆਨ ਵਿਚ ਰੱਖਦਿਆਂ ਜਿਉਣਾ ਚਾਹੀਦਾ ਹੈ।

ਅਜਿਹਾ ਕਿਹਾ ਜਾਂਦਾ ਹੈ ਕਿ ਮਿਲਾਨ ਗਿਰਜਾਘਰ ਵਿਚ ਨਾਲ-ਨਾਲ ਬਣੇ ਹੋਏ ਤਿੰਨ ਦਰਵਾਜ਼ੇ ਹਨ। ਪਹਿਲੇ ਦੇਉਤਲੇ ਪਾਸੇ ਗੁਲਾਬ ਦੇ ਇਕ ਗੋਲ ਹਾਰ ਦੇ ਨਾਲ ਇਹ ਸ਼ਬਦ ਉਕੇਰੇ ਹੋਏ ਹਨ, "ਸਾਨੂੰ ਖੁਸ਼ੀਆਂ ਦੇਣ ਵਾਲੀਆਂ ਵਸਤਾਂ ਛਿਣਭੰਗਰ ਹੁੰਦੀਆਂ ਹਨ।" ਤੀਜੇ ਦਰਵਾਜ਼ੇ ਦੇ ਉੱਤੇ ਇਕ ਸਲੀਬ ਬਣੀ ਹੈ ਅਤੇ ਇਹ ਸ਼ਬਦ ਲਿਖੇ ਗਏ ਹਨ, "ਸਾਡੀਆਂ ਸਾਰੀਆਂ ਮੁਸੀਬਤਾਂ ਛਿਣ ਭਰ ਦੀਆਂ ਹੀ ਹਨ।" ਵਿਚਕਾਰਲੇ ਦਰਵਾਜ਼ੇ ਦੇ ਵਿਚਕਾਰ ਸਾਨੂੰ ਚੇਤੇ ਕਰਾਉਂਦੇ ਰਹਿਣ ਲਈ ਇਹ ਸ਼ਬਦ ਲਿਖੇ ਹਨ, "ਮਹੱਤਵ ਕੇਵਲ ਉਸੇ ਦਾ ਹੈ ਜਿਹੜਾ ਸਦੀਪਕ ਹੈ।"

ਸਾਨੂੰ ਮਸੀਹੀਆਂ ਨੂੰ ਸਦੀਪਕਤਾ ਦੇ ਤੱਥ ਨੂੰ ਘੁੱਟ ਕੇ ਫੜ ਲੈਣਾ ਚਾਹੀਦਾ ਹੈ। ਇਸ ਦੀ ਡਰਾ ਦੇਣ ਵਾਲੀ ਅਸਲੀਅਤ ਸਾਡੇ ਆਲੇ-ਦੁਆਲੇ ਹਮੇਸ਼ਾ ਬਣੀ ਰਹੇ। ਤਦ ਅਸੀਂ ਉਥੋਂ ਆਪਣੀਆਂ ਅੱਖਾਂ ਵਿਚ ਇਕ ਨਿਆਰੀ ਚਮਕ ਅਤੇ ਆਪਣੇ ਦਿਲਾਂ ਵਿਚ ਇਕ ਅਣੋਖਾ ਇਰਾਦਾ ਲੈ ਕੇ ਅਗਾਹਾਂ ਵਧਾਂਗੇ ਕਿ ਸਾਡੀਆਂ ਯੋਜਨਾਵਾਂ ਹੁਣ ਇਸ ਸਮੇਂ ਵਿਚ ਸਮਾਪਤ ਹੋ ਕੇ ਨਾ ਰਹਿ ਜਾਣ। ਤਦ ਅਸੀਂ ਆਪਣੇ ਲਈ ਜਿਉਣਾ ਛੱਡ ਦਿਆਂਗੇ!

1. Hendrik W. Van Loon. THE STORY OF MANKIND (New York: Boni and Liveright, 1926), p.1.
2. DOING OR DONE (New York: Loizeaux Brothers), p. 99.

# ਸੁਨਹਿਰਾ ਸਮਾਂ

ਜਿਹੜੇ ਮਸੀਹੀ ਨੌਜਵਾਨ ਆਪਣੀ ਜ਼ਿੰਦਗੀ ਦੇ ਵੱਖੋ-ਵੱਖ ਮਸਲਿਆਂ ਦਾ ਸਾਹਮਣਾ ਇਮਾਨਦਾਰੀ ਨਾਲ ਕਰਨਾ ਚਾਹੁੰਦੇ ਹਨ ਉਨ੍ਹਾਂ ਨੂੰ ਇਹ ਸਿਆਣਨ ਦੀ ਲੋੜ ਹੈ ਕਿ ਜਵਾਨੀ ਸਭਨਾਂ ਵਿਚੋਂ ਸੁਨਿਹਰਾ ਸਮਾਂ ਹੈ। ਇਹ ਉਹ ਸਮਾਂ ਹੁੰਦਾ ਹੈ ਜਦੋਂ ਮਨੁੱਖ ਦੀ ਤਾਕਤ ਸਭ ਤੋਂ ਜਬਰਦਸਤ ਹੁੰਦੀ ਹੈ, ਉਸ ਦੀਆਂ ਗਿਆਨ ਇੰਦਰੀਆਂ ਸਭ ਤੋਂ ਤੀਬਰ ਹੁੰਦੀਆਂ ਹਨ ਅਤੇ ਉਸ ਦਾ ਜੋਸ਼ ਭਰਪੂਰ ਹੁੰਦਾ ਹੈ।

ਯਿਰਮਿਯਾਹ 2:2 ਵਿਚ ਇਹ ਸਾਫ-ਸਾਫ ਲਿਖਿਆ ਹੋਇਆ ਹੈ ਕਿ ਪਰਮੇਸ਼ਰ ਨੌਜਵਾਨਾਂ ਨਾਲ ਵਿਸ਼ੇਸ਼ ਪ੍ਰੇਮ ਰੱਖਦਾ ਹੈ। "...ਮੈਂ ਤੇਰੀ ਜਵਾਨੀ ਦੀ ਕਿਰਪਾ, ਤੇਰੇ ਵਿਆਹ ਦੇ ਪ੍ਰੇਮ ਨੂੰ ਚੇਤੇ ਕਰਦਾ ਹਾਂ, ਭਈ ਤੂੰ ਉਜਾੜ ਵਿਚ ਮੇਰੇ ਪਿੱਛੇ-ਪਿੱਛੇ ਚੱਲੀ, ਉਸ ਧਰਤੀ ਵਿਚ ਜਿਹੜੀ ਬੀਜੀ ਨਹੀਂ ਗਈ ਸੀ।"

ਨੌਜਵਾਨ ਸੱਚਮੁੱਚ ਵਿਸ਼ੇਸ਼ ਹੁੰਦੇ ਹਨ! ਸੁਭਾਵਕ ਤੌਰ 'ਤੇ ਵੀ ਅਸੀਂ ਇਕ ਗੰਦੀ ਜਿਹੀ ਅਵਾਰਾ ਬਿੱਲੀ ਨਾਲੋਂ ਖੇਡਦੇ ਅਤੇ ਟੱਪਦੇ ਹੋਏ ਬਲੂੰਗੜੇ ਨੂੰ ਵਧੇਰੇ ਪਸੰਦ ਕਰਦੇ ਹਾਂ। ਘਾਹ ਚਰਦੀ ਹੋਈ ਬੁੱਢੀ ਘੋੜੀ ਨਾਲੋਂ ਉਸ ਦਾ ਬੱਚਾ ਸਾਡਾ ਧਿਆਨ ਜ਼ਿਆਦਾ ਖਿੱਚਦਾ ਹੈ। ਅਤੇ ਤੁਸੀਂ ਭਾਵੇਂ ਕਿਤੇ ਵੀ ਚਲੇ ਜਾਓ, ਤੁਸੀਂ ਹਮੇਸ਼ਾ ਬੱਚਿਆਂ ਵੱਲ ਖਿੱਚੇ ਚਲੇ ਜਾਓਗੇ ਅਤੇ ਕਿਤੇ ਨਾ ਕਿਤੇ ਤੁਹਾਡੇ ਦਿਲ ਵਿਚ ਇਹ ਖਿਆਲ ਜ਼ਰੂਰ ਆਉਂਦਾ ਹੈ ਕਿ ਇਹ ਬੱਚੇ ਹਮੇਸ਼ਾ ਇੰਨੇ ਕੁ ਹੀ ਰਹਿਣ ਤਾਂ ਕਿੰਨਾ ਵਧੀਆ ਹੋਵੇਗਾ।

ਇਸੇ ਤਰ੍ਹਾਂ ਆਤਮਕ ਖੇਤਰ ਵਿਚ ਪਰਮੇਸ਼ਰ ਜਵਾਨੀ ਦੀ ਕਿਰਪਾ, ਇਸ ਦੇ ਪਹਿਲੇ ਪ੍ਰੇਮ ਦੀ ਗਰਮਜੋਸ਼ੀ ਵਿਚ ਵਿਸ਼ੇਸ਼ ਦਿਲਚਸਪੀ ਲੈਂਦਾ ਹੈ। ਉਹ ਨੌਜਵਾਨਾਂ ਦੀ ਤਾਕਤ, ਲਗਨ ਅਤੇ ਹਿੰਮਤ ਨੂੰ ਪਸੰਦ ਕਰਦਾ ਹੈ। ਉਹ ਉਨ੍ਹਾਂ ਦੀ ਨਿਰਸੁਆਰਥ ਭਗਤੀ, ਉਨ੍ਹਾਂ ਦੇ ਜੋਸ਼ੀਲੇ ਚੇਲੇਪਣ ਅਤੇ ਪਰਮੇਸ਼ਰ ਦੇ ਲਈ ਸਵੈ-ਇੱਛਾ ਨਾਲ ਕੀਤੇ ਗਏ ਤਿਆਗ ਨੂੰ ਹਮੇਸ਼ਾ ਚੇਤੇ ਰੱਖਦਾ ਹੈ। "ਮੈਂ ਤੇਰੀ ਜਵਾਨੀ ਦੀ ਕਿਰਪਾ, ਤੇਰੇ ਵਿਆਹ ਦੇ ਪ੍ਰੇਮ ਨੂੰ ਚੇਤੇ ਕਰਦਾ ਹਾਂ।"

"ਜਵਾਨੀ ਕਾਮਯਾਬੀਆਂ ਪ੍ਰਾਪਤ ਕਰਨ ਦੀ ਉਮਰ ਹੈ। "ਵਰਜਿਲ ਲਾਤਿਨੀ ਕਵੀਆਂ ਵਿਚ ਸਭ ਤੋਂ ਸ੍ਰੇਸ਼ਠ ਹੋਇਆ, ਲੂਥਰ ਸੁਧਾਰਾਂ ਦੀ ਇਕ ਲਹਿਰ ਲੈ ਕੇ ਆਇਆ, ਅਤੇ ਨਿਊਟਨ ਨੇ ਖੋਜੀਆਂ ਵਿਚ ਸਭ ਤੋਂ ਅੱਵਲ ਸਥਾਨ ਪ੍ਰਾਪਤ ਕੀਤਾ,

ਇਨ੍ਹਾਂ ਨੇ ਇਹ ਸਭ ਤੀਹ ਵਰ੍ਹਿਆਂ ਦੇ ਹੋਣ ਤੋਂ ਪਹਿਲਾਂ ਹੀ ਪ੍ਰਾਪਤ ਕਰ ਲਿਆ ਸੀ। ਅੱਠਾਈ ਵਰ੍ਹਿਆਂ ਦਾ ਹੋਣ ਤੋਂ ਪਹਿਲਾਂ ਹੀ ਹੀਰੋਡੋਟਸ ਨੇ ਓਲੰਪਿਕਸ ਖੇਡਾਂ ਵਿਚ ਆਪਣੀਆਂ ਇਤਹਾਸ ਦੀਆਂ 9 ਪੁਸਤਕਾਂ ਮੂੰਹਜ਼ਬਾਨੀ ਯਾਦ ਕਰ ਲਈਆਂ ਸਨ, ਅਤੇ ਹਾਨੀਬਲ ਸਪੇਨ ਨੂੰ ਕਾਰਥੇਜ ਦੀ ਸੱਤਾ ਦੇ ਅਧੀਨ ਲੈ ਆਇਆ ਸੀ। ਡੇਮੋਨਸਥੇਨੇਸ ਯੂਨਾਨ ਦਾ ਸਭ ਤੋਂ ਵਧ ਮਿੱਠਬੋਲੜਾ ਵਿਅਕਤੀ ਬਣਿਆ ਅਤੇ ਸਿਸੇਰੋ ਰੋਮ ਦਾ ਇਕ ਸੁਵਕਤਾ ਹੋਇਆ! ਇਸੇ ਉਮਰ ਵਿਚ ਰਾਫ਼ਾਇਲ ਨੂੰ ਜੂਲੀਯਸ ਦੂਜੇ ਦੇ ਦੁਆਰਾ ਸੱਦਾ ਦਿੱਤਾ ਗਿਆ ਕਿ ਉਹ ਆਪਣੀਆਂ ਅਮਰ ਚਿੱਤਰਕਾਰੀ ਦੇ ਨਾਲ ਵੈਟੀਕਨ ਦੀਆਂ ਕੰਧਾਂ ਨੂੰ ਸਜਾਏ, ਅਤੇ ਗੈਲੀਲਿਓ ਅਗਿਆਤ ਤਾਰਿਆਂ ਦੀ ਭਾਲ ਕਰਨ ਲਈ ਰਾਤ ਵੇਲੇ ਚਮਕਦੇ ਅਕਾਸ਼ ਨੂੰ ਵੇਖਦਾ ਰਹਿੰਦਾ ਸੀ! ਇਸੇ ਉਮਰ ਵਿਚ ਸ਼ੇਕਸਪਿਅਰ ਆਪਣੇ ਸਮੇਂ ਦੇ ਨਾਟਕਕਾਰਾਂ ਤੋਂ ਕਿਤੇ ਅਗਾਹਾਂ ਲੰਘ ਗਿਆ! ਬਾਈਆਂ ਵਰ੍ਹਿਆਂ ਦੀ ਉਮਰ ਵਿਚ ਸਿਕੰਦਰ ਨੇ ਫ਼ਾਰਸ ਸਾਮਰਾਜ ਦੀਆਂ ਨੀਹਾਂ ਹਿਲਾ ਦਿੱਤੀਆਂ, ਅਤੇ ਨੇਪੋਲਿਅਨ ਤੇ ਵਾਸ਼ਿੰਗਟਨ ਸਫਲ ਜਨਰਲ ਪ੍ਰਮਾਣਿਤ ਹੋਏ। ਵੀਹ ਵਰ੍ਹਿਆਂ ਦੀ ਉਮਰ ਵਿਚ ਪਲੈਟੋ ਸੋਕਰੇਟਿਸ ਦਾ ਇਕ ਗੂੜ੍ਹਾ ਮਿੱਤਰ ਅਤੇ ਸਾਥੀ ਬਣਿਆ, ਅਤੇ ਸਤਾਰਾਂ ਵਰ੍ਹਿਆਂ ਦੇ ਐਰਿਸਟੋਟਲ ਨੂੰ 'ਆਪਣੇ ਸਕੂਲ ਦਾ ਸਭ ਤੋਂ ਹੋਨਹਾਰ ਵਿਦਿਆਰਥੀ' ਆਖਿਆ। ਵੀਹ ਵਰ੍ਹਿਆਂ ਦੀ ਉਮਰ ਵਿਚ ਪਾਸਕਲ ਇਕ ਉੱਘਾ ਗਣਿਤ-ਸ਼ਾਸਤਰੀ ਬਣ ਗਿਆ, ਅਤੇ ਇਸੇ ਉਮਰ ਵਿਚ ਬੇਕਨ ਨੇ ਆਪਣੀ ਵਿਵੇਸ਼ਨਾਤਮਕ ਫ਼ਿਲਾਸਫ਼ੀ ਦੀ ਨੀਂਹ ਧਰੀ। ਪੰਜੀਆਂ ਵਰ੍ਹਿਆਂ ਦੀ ਉਮਰ ਵਿਚ ਜੋਨਾਥਨ ਐਡਵਰਡਸ ਅਤੇ ਜੋਰਜ ਵਾਈਟਫ਼ੀਲਡ ਪ੍ਰਚਾਰਕਾਂ ਦੇ ਸ਼ਹਿਜ਼ਾਦੇ ਮੰਨੇ ਜਾਂਦੇ ਸਨ, ਅਤੇ ਤੀਹ ਵਰ੍ਹਿਆਂ ਦੀ ਉਮਰ ਵਿਚ ਯਿਸੂ ਆਪਣੀ ਉਸ ਖੁਸ਼ਖਬਰੀ ਦੀ ਮੁਨਾਦੀ ਕਰ ਰਿਹਾ ਸੀ ਜਿਸ ਨੇ ਸੰਸਾਰ ਵਿਚ ਕ੍ਰਾਂਤੀ ਲਿਆ ਦਿੱਤੀ।"[1]

ਦੂਜੇ ਪਾਸੇ, ਬੁਢਾਪਾ ਉਹ ਸਮਾਂ ਹੁੰਦਾ ਹੈ ਜਦੋਂ ਸਾਡੀ ਤਾਕਤ ਖ਼ਤਮ ਹੋ ਚੁੱਕੀ ਹੁੰਦੀ ਹੈ। ਸਾਡੇ ਹੱਥ ਕੰਬਣ ਲੱਗ ਪੈਂਦੇ ਹਨ, ਅਤੇ ਲੱਤਾਂ ਆਪਣੇ ਹੀ ਸਰੀਰ ਦੇ ਭਾਰ ਨਾਲ ਵਿੰਗੀਆਂ ਹੁੰਦੀਆਂ ਜਾਂਦੀਆਂ ਹਨ। ਮੂੰਹ ਵਿਚ ਕੁਝ ਹੀ ਦੰਦ ਬਚਦੇ ਹਨ, ਅੱਖਾਂ ਨੂੰ ਐਨਕਾਂ ਤੋਂ ਬਗੈਰ ਦਿਖਾਈ ਨਹੀਂ ਦਿੰਦਾ। ਕੰਨਾਂ ਵਿਚ ਵੀ ਮਸ਼ੀਨ ਲਗ ਜਾਂਦੀ ਹੈ, ਅਤੇ ਅਵਾਜ਼ ਕਮਜ਼ੋਰ ਅਤੇ ਖਰਵੀ ਹੋ ਜਾਂਦੀ ਹੈ। ਬੁਢਾਪੇ ਦੇ ਨਾਲ-ਨਾਲ ਅਨੀਂਦਰਾ ਵੀ ਆਉਂਦੀ ਹੈ, ਹਿੰਮਤ ਜਾਂਦੀ ਰਹਿੰਦੀ ਹੈ, ਭੁੱਖ ਮਰ ਜਾਂਦੀ ਹੈ ਅਤੇ ਸਰੀਰਕ ਕਮਜ਼ੋਰੀਆਂ ਹਾਵੀ ਹੋਣ ਲੱਗ ਪੈਂਦੀਆਂ ਹਨ। ਬੁਢਾਪਾ ਇਕ ਮਾਂਦਗੀ ਹੈ।

ਉਪਦੇਸ਼ਕ ਦੇ ਬੋਲ ਠੀਕ ਹੀ ਆਖਦੇ ਹਨ:

> ਆਪਣੀ ਜੁਆਨੀ ਦੇ ਦਿਨੀਂ ਆਪਣੇ ਕਰਤਾਰ ਨੂੰ ਚੇਤੇ ਰੱਖ, ਜਦ ਕਿ ਓਹ ਮਾੜੇ ਦਿਨ ਅਜੇ ਨਹੀਂ ਆਏ, ਅਤੇ ਉਹ ਵਰਹੇ ਅਜੇ ਨੇੜੇ ਨਹੀਂ ਪੁੱਜੇ ਜਿਨ੍ਹਾਂ ਵਿਚ ਤੂੰ ਆਖੇਂਗਾ, ਏਹਨਾਂ ਵਿਚ ਮੈਨੂੰ ਕੁਝ ਖੁਸ਼ੀ ਨਹੀਂ ਹੈ (ਉਪਦੇਸ਼ਕ 12:1)।

1. Delavan L. Pierson. ARTHUR T. PIERSON (New York: Fleming H. Revell Company, 1912). pp. 306. 7.

ਜਵਾਨੀ ਪ੍ਰਭੂ ਨੇ ਚੇਤੇ ਰੱਖਣ ਦਾ ਸਮਾਂ ਹੈ, ਨਾ ਕੇਵਲ ਮੁਕਤੀ ਦੇ ਲਈ ਪਰ ਉਸ ਦੀ ਸੇਵਾ ਦੇ ਲਈ ਵੀ।

ਕਾਸ਼, ਕਿ ਮਸੀਹੀ ਨੌਜਵਾਨ ਇਹ ਸਿਆਣ ਜਾਣ ਕਿ ਅਜਿਹੇ ਬਥੇਰੇ ਕੰਮ ਹਨ ਜਿਹੜੇ ਉਹ ਆਪਣੀ ਜਵਾਨੀ ਵੇਲੇ ਕਰ ਸਕਦੇ ਹਨ, ਜਿਨ੍ਹਾਂ ਨੂੰ ਉਹ ਬਾਦ ਵਿਚ ਕਦੇ ਵੀ ਨਹੀਂ ਕਰ ਸਕਣਗੇ! ਇਕ ਨੌਜਵਾਨ ਦੀ ਗਵਾਹੀ ਉਸ ਦੇ ਹਮਉਮਰਾਂ ਵਿਚ ਇਕ ਵਿਲੱਖਣ ਪ੍ਰਭਾਵ ਪਾਉਂਦੀ ਹੈ। ਸੰਸਾਰਕ ਲੋਕ ਜਵਾਨਾਂ ਦੀ ਹਿੰਮਤ ਅਤੇ ਗੰਭੀਰਤਾ ਵੱਲ ਖਿੱਚੇ ਚਲੇ ਆਉਂਦੇ ਹਨ, ਜਦਕਿ ਬਜ਼ੁਰਗਾਂ ਵਿਚ ਇਨ੍ਹਾਂ ਹੀ ਗੱਲਾਂ ਨੂੰ ਕੱਟੜਤਾ ਮੰਨਿਆ ਜਾਵੇਗਾ। ਜਵਾਨ ਖ਼ਤਰਾ ਚੁੱਕਣ ਲਈ ਤਿਆਰ ਰਹਿੰਦੇ ਹਨ, ਅਤੇ ਮਸੀਹੀ ਆਤਮਕ ਯੁੱਧ ਵਿਚ ਚੁਣੌਤੀਆਂ ਲੈਣ ਲਈ ਉੱਠ ਖੜ੍ਹੇ ਹੁੰਦੇ ਹਨ, ਜਦਕਿ ਉਮਰ ਢਲਣ ਦੇ ਨਾਲ-ਨਾਲ ਇਨਸਾਨ ਸਾਵਧਾਨੀ ਵਰਤਣਾ ਸ਼ੁਰੂ ਕਰ ਦਿੰਦਾ ਹੈ ਅਤੇ ਝਗੜੇ ਦੇ ਡਰ ਦੇ ਮਾਰੇ ਇਕੱਲਾ ਰਹਿੰਦਾ ਹੈ।

ਬਹੁਤ ਸਾਰੇ ਵਿਸ਼ਵਾਸੀ ਆਪਣੇ ਜੀਵਨ ਦੀ ਯੋਜਨਾ ਇਸ ਨਗੱਲੇ ਵਿਚਾਰ ਨਾਲ ਬਣਾਉਂਦੇ ਹਨ ਕਿ ਉਹ ਮਸੀਹ ਦੀ ਸੇਵਾ ਭਵਿੱਖ ਵਿਚ ਕਿਸੇ ਵੇਲੇ ਕਰਨਗੇ—ਸਾਰੀ ਉਮਰ ਪੈਸਾ ਕਮਾਉਣ ਤੋਂ ਬਾਦ—ਜਦੋਂ ਉਹ ਆਪਣੇ ਪੇਸ਼ੇ ਤੋਂ ਰਿਟਾਇਰ ਹੋ ਜਾਣਗੇ, ਅਰਥਾਤ ਬੁਢਾਪੇ ਵਿਚ।

ਪਰਮੇਸ਼ਰ ਇਕ ਵਿਅਰਥਾ ਜੀਵਨ ਦਾ ਬਚਿਆ-ਖੁਚਿਆ ਹਿੱਸਾ ਨਹੀਂ ਚਾਹੁੰਦਾ। *ਉਹ ਸਰਬਉੱਤਮ ਚਾਹੁੰਦਾ ਹੈ ਅਤੇ ਸਾਰਾ ਚਾਹੁੰਦਾ ਹੈ।* ਪੁਰਾਣੇ ਨੇਮ ਵਿਚ ਉਹ ਸਿੱਧ ਅਤੇ ਪੂਰੇ ਬਲੀਦਾਨ ਦੀ ਮੰਗ ਕਰਦਾ ਸੀ। ਉਸ ਦੀਆਂ ਮੰਗਾ ਬਦਲੀਆਂ ਨਹੀਂ ਹਨ! ਕੀ ਅਸੀਂ ਜਾਣਬੁਝ ਕੇ ਉਸ ਨੂੰ ਅਜਿਹਾ ਕੁਝ ਅਰਪਤ ਕਰ ਸਕਦੇ ਹਾਂ ਜਿਹੜਾ ਝੁਰੜੀਆਂ ਨਾਲ ਭਰਿਆ, ਜਰਜਰ ਹਾਲਤ ਵਿਚ ਅਤੇ ਪੂਰੀ ਤਰ੍ਹਾਂ ਪੁਰਾਣਾ ਹੋ ਚੁੱਕਿਆ ਹੈ? ਨਹੀਂ, ਮੰਗ ਇਹ ਹੈ ਕਿ ਅਸੀਂ ਆਪਣਾ ਸਰਬਉੱਤਮ ਉਸ ਨੂੰ ਦੇਈਏ, ਅਤੇ ਸਾਡਾ ਸਰਬਉੱਤਮ ਸਾਡੀ ਜਵਾਨੀ ਹੈ!

> ਮਸੀਹ ਸਰਬਉੱਤਮ ਚਾਹੁੰਦਾ ਹੈ। ਇਕ ਸਮਾਂ ਸੀ ਜਦੋਂ ਉਸ ਨੇ ਇੱਜੜ ਦੇ ਪਲੌਠਿਆਂ ਦੀ ਅਤੇ ਸਰਬਉੱਤਮ ਅੰਨ ਦੀ ਮੰਗ ਕੀਤੀ ਸੀ; ਅਤੇ ਅੱਜ ਵੀ ਉਹ ਆਪਣਿਆਂ ਤੋਂ ਬੜੀ ਹਲੀਮੀ ਨਾਲ ਇਹ ਬੇਨਤੀ ਕਰਦਾ ਹੈ ਕਿ ਉਹ ਆਪਣੀਆਂ ਸਾਰੀਆਂ ਉਮੀਦਾਂ, ਆਪਣੇ ਸਾਰੇ ਹੁਨਰ ਉਸ ਦੇ ਚਰਨਾਂ 'ਤੇ ਰੱਖ ਦੇਣ। ਉਹ ਨਿੱਕੇ ਤੋਂ ਨਿੱਕੇ ਸੇਵਾ ਕਾਰਜ, ਨਿਮਾਣੇ ਜਿਹੇ ਪ੍ਰੇਮ ਨੂੰ ਵੀ ਕਦੇ ਨਾ ਭੁਲਾਏਗਾ। ਉਹ ਕੇਵਲ ਇੰਨਾ ਚਾਹੁੰਦਾ ਹੈ ਕਿ ਅਸੀਂ ਆਪਣੇ ਨਿੱਜ ਭੰਡਾਰਿਆਂ ਵਿਚੋਂ ਉਸ ਨੂੰ ਸਰਬਉੱਤਮ ਦੇਈਏ।
>
> ਮਸੀਹ ਆਪਣਾ ਸਰਬਉੱਤਮ ਦਿੰਦਾ ਹੈ। ਅਸੀਂ ਆਪਣਿਆਂ ਦਿਲਾਂ ਨੂੰ ਉਸ ਦੇ ਅੱਗੇ ਅਰਪਤ ਕਰਦੇ ਹਾਂ, ਉਹ ਉਨ੍ਹਾਂ ਨੂੰ ਲੈ ਲੈਂਦਾ ਹੈ, ਅਤੇ ਆਪਣੀ ਜਲਾਲੀ ਸੁੰਦਰਤਾ, ਅਨੰਦ ਅਤੇ ਸ਼ਾਂਤੀ ਨਾਲ ਭਰ ਦਿੰਦਾ ਹੈ; ਅਤੇ ਜਿਵੇਂ-ਜਿਵੇਂ ਅਸੀਂ ਉਸ ਦੀ ਸੇਵਾ ਵਿਚ ਮਜਬੂਤ ਹੁੰਦੇ ਚਲੇ ਜਾਂਦੇ ਹਾਂ ਤਿਵੇਂ-ਤਿਵੇਂ ਅਜ਼ੀਮ ਉਪਲਬਧੀਆਂ ਦੀਆਂ ਬੁਲਾਹਟਾਂ ਵਧਦੀਆਂ ਜਾਂਦੀਆਂ ਹਨ। ਧਰਤੀ ਉਤਲੇ

ਅਤੇ ਸਵਰਗ ਵਿਚਲੇ ਸਭ ਤੋਂ ਵਧੀਆ ਉਪਹਾਰ ਮਸੀਹ ਵਿਚ ਲੁਕੇ ਹੋਏ ਹਨ। ਯਿਸੂ ਵਿਚ ਸਾਨੂੰ ਸਰਬਉੱਤਮ ਪ੍ਰਾਪਤ ਹੁੰਦਾ ਹੈ।

ਅਤੇ ਕੀ ਸਾਡਾ ਸਰਬਉੱਤਮ ਬਹੁਤ ਜ਼ਿਆਦਾ ਹੈ? ਓ ਮਿੱਤਰੋ, ਆਓ ਚੇਤੇ ਕਰੀਏ ਕਿ ਕਿਵੇਂ ਮਸੀਹ ਨੇ ਸਾਡੀ ਖਾਤਰ ਆਪਣਾ ਆਪ ਦੇ ਦਿੱਤਾ, ਅਤੇ ਆਪਣੀ ਰਹੱਸਮਈ ਮਨੁੱਖਤਾ ਵਿਚ ਆਪਣੀ ਕੀਮਤੀ ਜ਼ਿੰਦਗੀ ਸਲੀਬ ਉੱਤੇ ਕੁਰਬਾਨ ਕਰ ਦਿੱਤੀ। ਪ੍ਰਭੂਆਂ ਦੇ ਪ੍ਰਭੂ ਨੇ, ਜਿਸ ਦੇ ਦੁਆਰਾ ਸੰਸਾਰ ਰਚੇ ਗਏ ਸਨ, ਅਥਾਹ ਵੇਦਨਾ ਅਤੇ ਹੰਝੂਆਂ ਨਾਲ ਸਾਨੂੰ ਆਪਣਾ ਸਰਬਉੱਤਮ ਦੇ ਦਿੱਤਾ।[1]

ਆਪਣਾ ਸਰਬਉੱਤਮ ਦੇਣ ਦੀ ਇਸੇ ਇੱਛਾ ਨੇ ਪੀਟਰ ਫ਼ਲੇਮਿੰਗ ਵਿਚ ਜੋਸ਼ ਭਰ ਦਿੱਤਾ ਅਤੇ 8 ਜਨਵਰੀ 1956 ਨੂੰ ਏਕਵਾਡੋਰ ਵਿਚ ਸਤਾਈਆਂ ਵਰ੍ਹਿਆਂ ਦੀ ਉਮਰ ਦੇ ਇਸ ਨੌਜਵਾਨ ਨੇ ਮਸੀਹੀ ਸ਼ਹੀਦੀ ਪ੍ਰਾਪਤ ਕੀਤੀ। ਉਸ ਨੇ ਆਪਣੇ ਅੰਦਰ ਇਹ ਪਵਿੱਤਰ ਇਰਾਦਾ ਕਰ ਲਿਆ ਸੀ ਕਿ ਉਹ ਆਪਣੀ ਜਵਾਨੀ ਦੀ ਤਾਕਤ, ਹੁਨਰ, ਪ੍ਰੇਮ ਅਤੇ ਜੀਵਨ ਦਾ ਸਰਬਉੱਤਮ ਮਸੀਹ ਨੂੰ ਦੇ ਦੇਵੇਗਾ। ਉਸ ਦੇ ਇਸ ਉਮਦਾ ਸੰਕਲਪ ਨੂੰ ਉਸ ਦੇ ਇਸ ਮਨਪਸੰਦ ਭਜਨ ਦੀਆਂ ਤੁਕਾਂ ਵਿਚ ਬਹੁਤ ਵਧੀਆ ਤਰੀਕੇ ਨਾਲ ਦਰਸ਼ਾਇਆ ਗਿਆ ਹੈ:

## ਪ੍ਰਭੂ, ਮੇਰੇ ਭਰਪੂਰ ਬਲ ਵਿਚ[2]

ਥੋਮਸ ਐਚ. ਗਿੱਲ
ਪ੍ਰਭੂ ਮੇਰੀ ਭਰਪੂਰ ਤਾਕਤ ਨਾਲ,
ਮੈਂ ਤੇਰੇ ਲਈ ਤਕੜਾ ਹੋਵਾਂਗਾ; ਆਪਣੀ ਹਰੇਕ ਪਿਆਰੀ ਖ਼ੁਸ਼ੀ ਨੂੰ ਮੈਂ ਪਿੱਛੇ ਛੱਡ ਦਿਆਂਗਾ,
ਮੈਂ ਤੇਰੇ ਲਈ ਹੀ ਗੀਤ ਗਾਵਾਂਗਾ।
ਮੈਂ ਆਪਣਾ ਦਿਲ ਇਸ ਸੰਸਾਰ ਨੂੰ ਨਹੀਂ ਦਿਆਂਗਾ, ਅਤੇ ਤੇਰੇ ਪ੍ਰੇਮ ਨੂੰ ਖੁੱਲ੍ਹੇਆਮ ਕਬੂਲਾਂਗਾ;
ਮੈਂ ਨਿਰਬਲ ਬਿਲਕੁਲ ਨਹੀਂ ਹੋਵਾਂਗਾ, ਅਤੇ ਤੇਰੀ ਸੇਵਾ ਵਿਚ ਅਗਾਹਾਂ ਵਧਾਂਗਾ।
ਮੈਂ ਦੁਨਿਆਵੀ ਕੰਮਾਂ ਵਿਚ ਉਲਝ ਕੇ ਆਪਣੇ ਜੋਸ਼ ਨੂੰ ਮਰਨ ਨਹੀਂ ਦਿਆਂਗਾ:
ਅਤੇ ਭਾਵੇਂ ਥੱਕ-ਟੁੱਟ ਕੇ, ਭਾਵੇਂ ਹੌਲੀ-ਹੌਲੀ, ਪਰ ਮੈਂ ਸਵਰਗੀ ਚੜ੍ਹਾਈ ਚੜ੍ਹਦਾ ਜਾਵਾਂਗਾ।
ਮੈਂ ਤੈਨੂੰ ਆਪਣੀਆਂ ਨਿਰਬਲ ਇੱਛਾਵਾਂ ਨਹੀਂ ਦਿਆਂਗਾ,
ਤੈਨੂੰ ਆਪਣਾ ਸਭ ਤੋਂ ਘਟੀਆ, ਖੋਟਾ ਨਹੀਂ ਦਿਆਂਗਾ!
ਮੈਂ ਤੇਰੇ ਲਈ ਆਪਣੀਆਂ ਬੁਝਦੀਆਂ ਲਪਟਾਂ, ਆਪਣੇ ਸੜ ਚੁੱਕੇ ਦਿਲ ਦੀ ਸੁਆਹ ਨਹੀਂ ਦਿਆਂਗਾ।

1. Author unknown. Quoted in the EVANGELICAL CHRISTIAN. February. 1952. p. 76.
2. HYMNS (Chicago: Inter-Varsity Christian Fellowship. 1955), #26.

> ਮੈਨੂੰ ਮੇਰੇ ਸੁਨਹਿਰੀ ਸਮੇਂ ਵਿਚ ਹੀ ਚੁਣ ਲੈ, ਮੇਰੇ ਇਸ ਅਨੰਦਮਈ ਸਮੇਂ ਨੂੰ ਆਪਣਾ ਬਣਾ ਲੈ!
> ਮੇਰੇ ਇਸ ਸੁਨਹਿਰੀ ਸਮੇਂ ਦੇ ਦਿਲ ਦੀ ਪਰਤਾਪੀ ਭਰਪੂਰੀ ਤੇਰੇ ਲਈ ਹੀ ਹੈ।

ਜਵਾਨੀ ਦੀ ਤ੍ਰਾਸਦੀ ਜਾਂ ਬਰਬਾਦੀ ਦੀ ਭਰਪਾਈ ਕਿਸੇ ਵੀ ਤਰ੍ਹਾਂ ਨਹੀਂ ਕੀਤੀ ਜਾ ਸਕਦੀ। ਇਸ ਲਈ ਹਰ ਕਿਸੇ ਨੂੰ ਆਪਣੇ ਆਪ ਤੋਂ ਇਹ ਸਵਾਲ ਪੁੱਛਣਾ ਚਾਹੀਦਾ ਹੈ, "ਮੇਰੀ ਜਵਾਨੀ ਦੀ ਜੀਵਨੀ ਵਿਚ ਕੀ ਲਿਖਿਆ ਜਾਵੇਗਾ? ਕੀ ਇਸ ਵਿਚ ਪਰਮੇਸ਼ਰ ਦੇ ਕੰਮਾਂ ਦੇ ਪ੍ਰਤੀ ਕੋਸੇ ਹੋ ਜਾਣ ਦਾ ਖੇਦਜਨਕ ਲੇਖਾ ਲਿਖਿਆ ਜਾਵੇਗਾ ਜਾਂ ਫਿਰ ਪ੍ਰਭੂ ਯਿਸੂ ਨੂੰ ਪੂਰੀ ਤਰ੍ਹਾਂ ਸਮਰਪਤ ਜੋਸ਼ੀਲੀ ਜ਼ਿੰਦਗੀ ਦਾ ਲੇਖਾ ਲਿਖਿਆ ਜਾਵੇਗਾ?"

*ਚੇਤੇ ਰੱਖਿਓ, ਤੁਹਾਡੀ ਜੀਵਨੀ ਅੱਜ ਵੀ ਲਿਖੀ ਜਾ ਰਹੀ ਹੈ!*

# ਅਜਿਹੀ ਵਿੱਦਿਆ ਜਿਸਦਾ ਮਹੱਤਵ ਸਦੀਪਕਤਾ ਤਕ ਹੈ

ਇਸ ਯੁੱਗ ਵਿਚ, ਜਿਥੇ ਵਿੱਦਿਆ ਨੂੰ ਦੇਵੀ ਮੰਨਿਆ ਜਾਂਦਾ ਹੈ, ਜ਼ਰੂਰੀ ਹੈ ਕਿ ਨੌਜਵਾਨ ਮਸੀਹੀਆਂ ਨੂੰ ਉਨ੍ਹਾਂ ਕੁਝ ਸੱਚਾਈਆਂ ਦੇ ਪ੍ਰਤੀ ਜਾਗਰੂਕ ਰਹਿਣ ਬਾਰੇ ਸਚੇਤ ਕੀਤਾ ਜਾਵੇ ਜਿਹੜੀਆਂ ਗਿਆਨ ਦੀ ਖੋਜ ਕਰਦਿਆਂ ਉਨ੍ਹਾਂ ਲਈ ਇਕ ਦਿਸ਼ਾਸੂਚਕ ਦਾ ਕੰਮ ਕਰਨਗੀਆਂ ਅਤੇ ਉਨ੍ਹਾਂ ਨੂੰ ਇਸ ਯੋਗ ਬਣਾਉਣਗੀਆਂ ਕਿ ਉਹ ਵੱਖ-ਵੱਖ ਤਰ੍ਹਾਂ ਦੀ ਵਿੱਦਿਆ ਨੂੰ ਉਚਿਤ ਮਹੱਤਵ ਦੇਣ।

ਸਭ ਤੋਂ ਪਹਿਲਾਂ, ਸਾਨੂੰ ਇਹ ਸਿਆਣ ਜਾਣਾ ਚਾਹੀਦਾ ਹੈ ਕਿ ਜਦੋਂ ਅਸੀਂ ਸਵਰਗ ਜਾਂਵਾਂਗੇ, ਉਦੋਂ ਸਾਨੂੰ ਉਥੇ ਸਿੱਧ ਗਿਆਨ ਪ੍ਰਾਪਤ ਨਹੀਂ ਹੋਵੇਗਾ। ਕੇਵਲ ਪਰਮੇਸ਼ਰ ਹੀ ਸਭਕੁਝ ਜਾਣਦਾ ਹੈ; ਕੇਵਲ ਉਹੀ ਸਰਬਗਿਆਨੀ ਹੈ। ਅਤੇ ਅਸੀਂ ਕਦੇ ਵੀ ਪਰਮੇਸ਼ਰ ਦੇ ਤੁੱਲ ਨਹੀਂ ਹੋ ਸਕਾਂਗੇ; ਅਸੀਂ ਸਿੱਖਣਾ ਕਦੇ ਨਹੀਂ ਛੱਡਾਂਗੇ। ਜੇਕਰ ਅਸੀਂ ਇਸ ਨੂੰ ਸਮਝ ਜਾਈਏ ਤਾਂ ਇਸ ਦਾ ਪ੍ਰਭਾਵ ਸਦੀਪਕਤਾ ਦੇ ਲਈ ਸਾਡੀ ਤਿਆਰੀ ਉੱਤੇ ਪਵੇਗਾ।

ਵਚਨ ਸਾਨੂੰ ਸੰਕੇਤ ਦਿੰਦਾ ਹੈ ਕਿ ਸਿੱਖਣ ਦੀ ਪ੍ਰਕਿਰਿਆ ਸਵਰਗ ਵਿਚ ਵੀ ਜਾਰੀ ਰਹੇਗੀ। ਅਫ਼ਸੀਆਂ 2:7 ਵਿਚ ਪੌਲੁਸ ਦੱਸਦਾ ਹੈ ਕਿ ਉਸ ਦਿਆਲਗੀ ਨਾਲ ਜੋ ਮਸੀਹ ਯਿਸੂ ਵਿਚ ਸਾਡੇ ਉੱਤੇ ਹੈ ਉਹ ਆਉਣ ਵਾਲਿਆਂ ਜੁੱਗਾਂ ਵਿਚ ਆਪਣੀ ਕਿਰਪਾ ਦਾ ਬੇਹੱਦ ਧਨ ਉਜਾਗਰ ਕਰੇ। ਜੇਕਰ ਸਦੀਪਕਤਾ ਵਿਚ ਵੀ ਪਰਮੇਸ਼ਰ ਸਾਡੇ ਲਈ ਕੁਝ ਉਜਾਗਰ ਕਰੇਗਾ, ਤਾਂ ਇਹ ਸਪਸ਼ਟ ਹੀ ਹੈ ਕਿ ਉਸ ਬਾਰੇ ਸਾਨੂੰ ਸਿੱਖਦੇ ਰਹਿਣਾ ਪਵੇਗਾ। ਅਤੇ ਇਹ ਇਵੇਂ ਹੀ ਹੋਵੇਗਾ! ਇਹ ਵਿਸ਼ਾ ਇੰਨਾ ਵਿਸਤ੍ਰਿਤ ਹੈ ਕਿ ਪਰਮੇਸ਼ਰ ਆਪਣੇ ਸਾਰੇ ਪਰਤਾਪੀ ਕੰਮਾਂ ਬਾਰੇ ਸਾਨੂੰ ਖੁੱਲ੍ਹ ਕੇ ਸਭਕੁਝ ਕਦੇ ਵੀ ਨਹੀਂ ਸਿਖਾ ਸਕਦਾ। ਦੂਜੇ ਪਾਸੇ ਸ਼ੈਤਾਨ ਨੇ ਪ੍ਰਭੂ ਯਿਸੂ ਨੂੰ ਉਹ ਸਭਕੁਝ, ਜੋ ਇਹ ਦੁਨੀਆ ਦੇ ਸਕਦੀ ਹੈ, ਛਣ ਭਰ ਵਿਚ ਹੀ ਵਿਖਾ ਦਿੱਤਾ; ਜਦਕਿ ਪਰਮੇਸ਼ਰ ਸਦੀਪਕਤਾ ਵਿਚ ਮਸੀਹ ਦੇ ਅਥਾਹ ਗਿਆਨ ਦੀ ਸਿੱਖਿਆ ਦੇਵੇਗਾ ਅਤੇ ਆਪਣੇ ਵਿਦਿਆਰਥੀਆਂ ਨੂੰ ਕਦੇ ਵੀ ਗ੍ਰੈਜੂਏਟ ਨਹੀਂ ਕਰੇਗਾ। ਉਸ ਦੇ ਪ੍ਰੇਮ ਨੂੰ ਇਕ-ਇਕ ਪਰਤ ਕਰਕੇ ਸਦਾਕਾਲ

ਵਿਚ ਵੀ ਖੋਲ੍ਹਿਆ ਜਾਂਦਾ ਰਹੇਗਾ, ਅਤੇ ਅਸੀਂ ਉਸ ਦਿਆਂ ਚਰਨਾਂ ਵਿਚ ਮਗਨ ਵਿਦਿਆਰਥੀਆਂ ਵਾਂਙੂ ਬੈਠ ਕੇ ਸਿੱਖਦੇ ਰਹਾਂਗੇ, ਲਗਾਤਾਰ ਹੋਰ ਜ਼ਿਆਦਾ ਅਤੇ ਹੋਰ ਜ਼ਿਆਦਾ ਸਿੱਖਦੇ ਜਾਵਾਂਗੇ।

ਬਾਈਬਲ ਵਿਚ ਇਕ ਜਾਂ ਦੋ ਹਿੱਸੇ ਅਜਿਹੇ ਹਨ ਜਿਨ੍ਹਾਂ ਦਾ ਅਰਥ ਇਹ ਨਿਕਲਦਾ ਪਰਤੀਤ ਹੁੰਦਾ ਹੈ ਕਿ ਅਸੀਂ ਸਵਰਗ ਵਿਚ ਸਭਕੁਝ ਜਾਣ ਜਾਵਾਂਗੇ, ਅਤੇ ਇਹ ਹਿੱਸੇ ਸਾਡੇ ਪਿਛਲੇ ਦਾਅਵੇ ਦਾ ਵਿਰੋਧ ਕਰਦੇ ਜਾਪਦੇ ਹਨ। ਜਿਵੇਂ ਕਿ, ਯੂਹੰਨਾ ਆਪਣੀ ਪਹਿਲੀ ਪੱਤ੍ਰੀ ਵਿਚ ਆਖਦਾ ਹੈ ਕਿ ਅਸੀਂ ਮਸੀਹ ਵਰਗੇ ਹੋ ਜਾਵਾਂਗੇ।

ਪਰ ਇਥੇ ਇਸ ਦਾ ਅਰਥ ਇਹ ਨਹੀਂ ਹੈ ਕਿ ਅਸੀਂ ਮਾਨਸਿਕ ਤੌਰ 'ਤੇ ਉਸ ਦੇ ਵਰਗੇ ਹੋ ਜਾਵਾਂਗੇ ਜਾਂ ਸਾਡਾ ਚਿਹਰਾ ਉਸ ਦੇ ਵਰਗਾ ਹੋ ਜਾਵੇਗਾ, ਸਗੋਂ ਇਸ ਦਾ ਕਹਿਣ ਦਾ ਭਾਵ ਇਹ ਹੈ ਕਿ ਅਸੀਂ ਨੈਤਿਕ ਤੌਰ 'ਤੇ ਉਸ ਦੇ ਵਰਗੇ ਹੋ ਜਾਵਾਂਗੇ। ਅਸੀਂ ਉਸ ਦੇ ਵਰਗੇ ਹੋ ਜਾਵਾਂਗੇ ਦਾ ਅਰਥ ਹੈ ਕਿ ਅਸੀਂ ਪਾਪ ਦੀ ਹਾਜ਼ਰੀ ਤੋਂ ਪੂਰੀ ਤਰ੍ਹਾਂ ਅਜ਼ਾਦ ਹੋ ਜਾਵਾਂਗੇ।

ਇਸ ਤੋਂ ਬਾਦ ਪੌਲੁਸ 1 ਕੁਰਿੰਥੀਆਂ 13:12 ਵਿਚ ਸੰਕੇਤ ਦਿੰਦਾ ਹੈ ਕਿ ਅਸੀਂ ਓਸ ਵੇਲੇ ਉਹੋ ਜਿਹਾ ਜਾਣਾਂਗੇ ਜਿਹੋ ਜਿਹਾ ਅਸੀਂ ਵੀ ਜਾਣੇ ਗਏ ਹਾਂ। ਇਸ ਦਾ ਅਰਥ ਇਹ ਹੋ ਸਕਦਾ ਹੈ ਕਿ ਅਸੀਂ ਸਵਰਗ ਵਿਚ ਆਪਣੇ ਪਿਆਰਿਆਂ ਨੂੰ ਸਿਆਣਾਂਗੇ, ਪਰ ਇਸ ਦਾ ਇਹ ਅਰਥ ਬਿਲਕੁਲ ਵੀ ਨਹੀਂ ਹੈ ਕਿ ਸਾਡਾ ਗਿਆਨ ਹਰ ਪੱਖੋਂ ਸਿੱਧ ਹੋ ਜਾਵੇਗਾ, ਕਿਉਂਕਿ ਅਸੀਂ ਤਾਂ ਹਮੇਸ਼ਾ ਤਕ ਉਹੋ ਜਿਹੇ ਪ੍ਰਾਣੀ ਬਣੇ ਰਹਾਂਗੇ ਜਿਹੜੇ ਆਪਣੇ ਸਿਰਜਣਹਾਰ ਪਰਮੇਸ਼ਰ ਅੱਗੇ ਨਿਤਾਣੇ ਹਨ ਅਤੇ ਅਜਿਹੇ ਪ੍ਰਾਣੀ ਜਿਨ੍ਹਾਂ ਦਾ ਗਿਆਨ ਬਹੁਤ ਸੀਮਤ ਹੈ।

ਇਹ ਮੰਨਣ ਤੋਂ ਬਾਦ ਕਿ ਅਸੀਂ ਸਵਰਗ ਵਿਚ ਇਕ ਵਿਦਿਆਰਥੀ ਹੀ ਰਹਾਂਗੇ, ਸ਼ਾਇਦ ਅਗਲਾ ਸਵਾਲ ਅਸੀਂ ਇਹ ਪੁੱਛੀਏ, "ਜਿਸ ਘੜੀ ਮੈਂ ਸਵਰਗ ਵਿਚ ਪੁੱਜਾਂਗਾ, ਉਸ ਘੜੀ ਮੇਰੇ ਕੋਲ ਕਿਹੜਾ ਗਿਆਨ ਹੋਵੇਗਾ?" ਸਾਡਾ ਜਵਾਬ ਹੋਣਾ ਚਾਹੀਦਾ ਹੈ, "ਉਹੀ ਗਿਆਨ ਜਿਹੜਾ ਤੁਹਾਡੇ ਕੋਲ ਇਸ ਧਰਤੀ ਨੂੰ ਛੱਡਣ ਵੇਲੇ ਸੀ।" ਹਾਂ, ਆਉਣ ਵਾਲੇ ਯੁਗਾਂ ਵਿਚ ਉਸ ਗਿਆਨ ਦੇ ਵਧਣ ਦੀ ਸੰਭਾਵਨਾ ਬਣੀ ਰਹੇਗੀ, ਪਰ ਸਾਡੀ ਭਾਵੀ ਵਿੱਦਿਆ ਦਾ ਅਰੰਭ ਉਥੋਂ ਹੀ ਹੋਵੇਗਾ ਜਿਥੋਂ ਅਸੀਂ ਇਸ ਧਰਤੀ ਨੂੰ ਛੱਡ ਕੇ ਜਾਵਾਂਗੇ।

ਜੇਕਰ ਇਹ ਸੱਚ ਹੈ ਤਾਂ ਇਹ ਬਹੁਤ ਜ਼ਿਆਦਾ ਮਹੱਤਵਪੂਰਣ ਹੈ। ਇਥੋਂ ਅਸੀਂ ਇਹ ਸਿਆਣ ਜਾਂਦੇ ਹਾਂ ਕਿ ਕਿਤੇ ਅਸੀਂ ਆਪਣੀ ਜ਼ਿੰਦਗੀ ਅਜਿਹੀ ਦੁਨਿਆਵੀ ਵਿੱਦਿਆ ਪ੍ਰਾਪਤ ਕਰਨ ਵਿਚ ਖਰਚ ਤਾਂ ਨਹੀਂ ਕਰ ਰਹੇ ਜਿਸ ਦਾ ਸਵਰਗ ਵਿਚ ਕੋਈ ਮੁੱਲ ਨਹੀਂ ਹੈ। ਹੋ ਸਕਦਾ ਹੈ ਕਿ ਤੁਹਾਡੇ ਅੰਦਰ ਇਹ ਤਾਂਘ ਹੋਵੇ ਕਿ ਤੁਸੀਂ ਵਿਗਿਆਨ, ਸਾਹਿਤ ਜਾਂ ਸਿਆਸਤ ਬਾਰੇ ਬਾਕੀ ਸਭਨਾਂ ਮਨੁੱਖਾਂ ਨਾਲੋਂ ਵਧੇਰੇ ਗਿਆਨ ਪ੍ਰਾਪਤ ਕਰੋ। ਤੁਸੀਂ ਇਹ ਟੀਚਾ ਹਾਸਿਲ ਕਰ ਸਕਦੇ ਹੋ। ਪਰ ਸਵਰਗ ਵਿਚ ਇਸ ਦਾ

ਤੁਹਾਨੂੰ ਕੀ ਲਾਭ ਹੋਵੇਗਾ? ਜੇਕਰ ਅਜਿਹੇ ਭਵਿੱਖ ਨੂੰ ਸਦੀਪਕਤਾ ਦੀ ਰੋਸ਼ਨੀ ਵਿਚ ਵੇਖਿਆ ਜਾਵੇ ਤਾਂ ਇਹ ਬੜਾ ਹੀ ਖੋਖਲਾ ਜਾਪਦਾ ਹੈ।

ਦੂਜੇ ਪਾਸੇ, ਪਰਮੇਸ਼ਰ ਦੇ ਵਚਨ ਦੀ ਗੂੜ੍ਹੀ ਜਾਣਕਾਰੀ ਦਾ ਮੁੱਲ ਅਤੇ ਮਹੱਤਵ ਸਦੀਪਕਤਾ ਵਿਚ ਵੀ ਰਹੇਗਾ। ਅਸੀਂ ਇਥੇ ਵਚਨ ਬਾਰੇ ਜੋ ਕੁਝ ਵੀ ਸਿੱਖਦੇ ਹਾਂ ਉਹ ਸਦੀਪਕਤਾ ਲਈ ਇਕ ਨਿਵੇਸ਼ ਹੈ, ਕਿਉਂਕਿ ਸਵਰਗ ਵਿਚ ਵੀ ਸਾਡੇ ਕੋਲ ਬਾਈਬਲ ਹੋਵੇਗੀ। ਯਿਸੂ ਨੇ ਕਿਹਾ, "ਸਵਰਗ ਅਤੇ ਧਰਤੀ ਟਲ ਜਾਣਗੇ ਪਰ ਮੇਰੇ ਵਚਨ ਕਦੇ ਨਾ ਟਲਣਗੇ।" ਅਤੇ ਜ਼ਬੂਰਕਾਰ ਲਿਖਦਾ ਹੈ, "ਹੇ ਯਹੋਵਾਹ, ਸਦਾ ਤੀਕ ਤੇਰਾ ਬਚਨ ਸਵਰਗ ਵਿਚ ਇਸਥਿਰ ਹੈ!" ਇਸ ਦਾ ਨਤੀਜਾ ਇਹ ਨਿਕਲਦਾ ਹੈ ਕਿ ਅਸੀਂ ਜਿਹੜੀ ਵੀ ਆਇਤ ਮੂੰਹਜ਼ਬਾਨੀ ਯਾਦ ਕਰਦੇ ਹਾਂ, ਜਿਹੜੇ ਵੀ ਅਧਿਆਏ ਦਾ ਅਧਿਐਨ ਕਰਦੇ ਹਾਂ, ਅਸੀਂ ਬਾਈਬਲ ਬਾਰੇ ਜੋ ਵੀ ਸਿੱਖਦੇ ਹਾਂ ਉਸ ਸਭ ਆਉਣ ਵਾਲੇ ਜੀਵਨ ਲਈ ਲਾਭਕਾਰੀ ਹੈ।

ਇਹ ਵਿਚਾਰ ਵਚਨ ਦੇ ਅਧਾਰ 'ਤੇ ਸਹੀ ਨਹੀਂ ਹੈ ਕਿ ਸਵਰਗ ਵਿਚ ਅਸੀਂ ਸਾਰੇ ਇਕੋ ਜਿਹੇ ਹੋਵਾਂਗੇ। ਪਰਮੇਸ਼ਰ ਦਾ ਵਚਨ ਸਾਨੂੰ ਸਿਖਾਉਂਦਾ ਹੈ ਕਿ ਮੁਕਤੀ ਪ੍ਰਾਪਤ ਲੋਕਾਂ ਲਈ ਪ੍ਰਤੀਫਲ ਵੱਖਰਾ-ਵੱਖਰਾ ਹੋਵੇਗਾ, ਉਵੇਂ ਹੀ ਜਿਵੇਂ ਮੁਕਤੀ ਰਹਿਤ ਲੋਕਾਂ ਦੀ ਸਜ਼ਾ ਦਾ ਪਰਿਮਾਣ ਵੱਖਰਾ-ਵੱਖਰਾ ਹੋਵੇਗਾ।

ਹਾਲਾਂਕਿ ਸਵਰਗ ਵਿਚ ਸਾਰੇ ਲੋਕ ਖੁਸ਼ ਹੋਣਗੇ ਪਰ ਕੁਝ ਲੋਕਾਂ ਕੋਲ ਬਾਕੀਆਂ ਨਾਲੋਂ ਵਧੇਰੇ ਅਨੰਦ ਮਾਣਨ ਦੇ ਕਾਰਨ ਵੀ ਹੋਣਗੇ। ਕਿਉਂਕਿ ਸੱਚ ਤਾਂ ਇਹੋ ਹੈ ਕਿ ਅਸੀਂ ਪ੍ਰਭੂ ਯਿਸੂ ਦੀ ਸ਼ਲਾਘਾ ਉੱਨੀ ਕੁ ਹੀ ਕਰ ਸਕਾਂਗੇ ਜਿੰਨਾ ਅਸੀਂ ਇਥੇ ਉਸ ਦੇ ਬਾਰੇ ਉਸ ਦੇ ਵਚਨ ਵਿਚੋਂ ਸਿੱਖਿਆ ਹੈ। ਸਭਨਾਂ ਦੇ ਪਿਆਲੇ ਭਰੇ ਹੋਣਗੇ, ਪਰ ਕੁਝ ਲੋਕਾਂ ਦੇ ਪਿਆਲੇ ਬਾਕੀਆਂ ਨਾਲੋਂ ਵੱਡੇ ਹੋਣਗੇ।

ਹੁਣ ਇਹ ਵੀ ਸਪਸ਼ਟ ਤੌਰ 'ਤੇ ਜ਼ਰੂਰੀ ਹੈ ਕਿ ਉਚਿਤ ਨੌਕਰੀ ਲਈ ਅਤੇ ਜੀਵਨ ਦੇ ਬਾਕੀ ਕਾਰੋਬਾਰਾਂ ਨੂੰ ਚਲਾਉਣ ਲਈ ਸਾਨੂੰ ਕਿਸੇ ਹੱਦ ਤਕ "ਦੁਨਿਆਵੀ" ਜਾਂ "ਗੈਰ-ਧਾਰਮਿਕ" ਗਿਆਨ ਪ੍ਰਾਪਤ ਕਰਨਾ ਪੈਂਦਾ ਹੈ। ਇਸੇ ਕਰਕੇ ਕੁਝ ਲੋਕ ਕਾਲਜ ਜਾ ਕੇ ਪੜ੍ਹਾਈ ਕਰਦੇ ਹਨ ਅਤੇ ਕੁਝ ਲੋਕ ਕੁਝ ਖਾਸ ਖੇਤਰਾਂ ਵਿਚ ਉੱਨਤ ਸਿਖਲਾਈ ਪ੍ਰਾਪਤ ਕਰਦੇ ਹਨ। ਪਰ ਇਹ ਗੱਲ ਯਾਦ ਰੱਖਣਾ ਹਮੇਸ਼ਾ ਮਹੱਤਵਪੂਰਣ ਹੁੰਦਾ ਹੈ ਕਿ ਇਹੋ ਜਿਹੀ ਵਿੱਦਿਆ ਦਾ ਮੁੱਲ ਸਾਡੇ ਜੀਵਨ ਲਈ ਕੋਈ ਜ਼ਿਆਦਾ ਨਹੀਂ ਹੈ। ਇਹ ਤਾਂ ਕੇਵਲ ਇਕ ਅਗਾਹਾਂ ਵਧਣ ਦਾ ਇਕ ਜ਼ਰੀਆ ਹੈ, ਇਹ ਤਾਂ ਕੇਵਲ ਰੋਜ਼ੀ-ਰੋਟੀ ਕਮਾਉਣ ਦਾ ਇਕ ਜ਼ਰੀਆ ਹੈ, ਜਦਕਿ ਸਾਡਾ ਮੁੱਖ ਟੀਚਾ ਇਕੋ ਹੋਣਾ ਚਾਹੀਦਾ ਹੈ—ਮਸੀਹ ਨੂੰ ਜਾਣਨਾ ਅਤੇ ਮਸੀਹ ਬਾਰੇ ਲੋਕਾਂ ਨੂੰ ਦੱਸਣਾ। ਵਿੱਦਿਆ ਨੂੰ ਪ੍ਰਮੁੱਖ ਟੀਚਾ ਬਣਾਉਣ ਦਾ ਅਤੇ ਪਰਮੇਸ਼ਰ ਦੇ ਸਦੀਪਕ ਵਚਨ ਨੂੰ ਅਣਗੌਲਿਆਂ ਕਰਨ ਦਾ ਸਾਡੇ ਕੋਲ ਕੋਈ ਬਹਾਨਾ ਨਹੀਂ ਹੈ। ਉਸ ਦਿਨ ਅਜਿਹੇ ਰਾਹ ਉੱਤੇ ਤੁਰਨ ਦੀ ਬੇਵਕੂਫ਼ੀ ਉਜਾਗਰ ਹੋ ਜਾਵੇਗੀ।

ਜਿਨ੍ਹਾਂ ਤੱਥਾਂ ਬਾਰੇ ਅਸੀਂ ਗੱਲ ਕਰਦੇ ਆ ਰਹੇ ਹਾਂ, ਇਹੋ ਜਿਹੇ ਕੁਝ ਤੱਥ ਹੀ ਲੋਕਾਂ ਦੀ ਜ਼ਿੰਦਗੀ ਦੇ ਸਾਰੇ ਰੁਝਾਨ ਉੱਤੇ ਬਹੁਤ ਵੱਡਾ ਪ੍ਰਭਾਵ ਪਾ ਸਕਦੇ ਹਨ। ਜੇਕਰ ਸਾਨੂੰ ਸਵਰਗ ਵਿਚ ਸਭਨਾਂ ਗੱਲਾਂ ਦਾ ਪੂਰਾ ਅਤੇ ਸਾਰਾ ਗਿਆਨ ਪ੍ਰਾਪਤ ਨਹੀਂ ਹੋਵੇਗਾ, ਤਾਂ ਜੋ ਕੁਝ ਅਸੀਂ ਸਿੱਖਦੇ ਹਾਂ ਉਹੀ ਸਾਡੇ ਨਾਲ ਸਵਰਗ ਵਿਚ ਜਾਵੇਗਾ। ਇਸੇ ਕਰਕੇ ਸਾਨੂੰ ਉਸ ਸਮੇਂ ਲਈ ਆਪਣੇ ਆਪ ਨੂੰ ਹੁਣੇ ਤੋਂ ਤਿਆਰ ਕਰਨਾ ਪਵੇਗਾ। ਸਾਨੂੰ ਬਚ ਕੇ ਰਹਿਣਾ ਹੈ ਕਿ ਕਿਤੇ ਅਸੀਂ ਅਜਿਹੀ ਦੁਨਿਆਵੀ ਵਿੱਦਿਆ ਪ੍ਰਾਪਤ ਕਰਨ ਵਿਚ ਨਾ ਉਲਝ ਜਾਈਏ ਜਿਸ ਦਾ ਸਵਰਗ ਵਿਚ ਕੋਈ ਉਪਯੋਗ ਨਹੀਂ ਹੈ। ਸਾਨੂੰ ਆਪਣੀਆਂ ਕਾਲਜੀ ਡਿਗਰੀਆਂ ਨੂੰ ਲੋੜੀਦਾਂ ਮਹੱਤਵ ਹੀ ਦੇਣਾ ਚਾਹੀਦਾ ਹੈ ਜਿਨ੍ਹਾਂ ਦੇ ਰਾਹੀਂ ਅਸੀਂ ਇਥੇ ਪ੍ਰਭੂ ਦੀ ਸੇਵਾ ਵਧੇਰੇ ਪ੍ਰਭਾਵਸ਼ਾਲੀ ਤਰੀਕੇ ਨਾਲ ਕਰ ਸਕਦੇ ਹਾਂ। ਅਸੀਂ ਪਵਿੱਤਰ ਸ਼ਾਸਤਰ ਦੇ ਲੇਖਕ ਨੂੰ ਅਤੇ ਵਚਨਾਂ ਨੂੰ ਚੰਗੀ ਤਰ੍ਹਾਂ ਜਾਣ ਕੇ ਇਸ ਨੂੰ ਵੀ ਉਚਿਤ ਮਹੱਤਵ ਦੇਈਏ।

ਹਾਂ, ਸਵਰਗ ਵਿਚ ਵੀ ਵਾਧਾ ਹੋਵੇਗਾ! ਸਵਰਗ ਵਿਚ ਅਸੀਂ ਲਗਾਤਾਰ ਸਿੱਖਦੇ ਰਹਾਂਗੇ! ਉਸ ਵਿੱਦਿਆ ਵਿਚ ਸਾਡਾ ਅਨੰਦ ਇਸ ਗੱਲ ਉੱਤੇ ਨਿਰਭਰ ਕਰਦਾ ਹੈ ਕਿ ਅਸੀਂ ਇਥੇ, ਹੁਣ, ਬਾਈਬਲ ਨਾਲ ਕੀ ਕਰ ਰਹੇ ਹਾਂ!

# ਆਪਣਾ ਭਵਿੱਖ ਤੁਸੀਂ ਆਪ ਚੁਣਦੇ ਹੋ

ਕੀ ਇਹ ਜਾਣ ਕੇ ਤੁਹਾਨੂੰ ਹੈਰਤ ਹੋਵੇਗੀ ਕਿ ਬਹੁਤ ਹੱਦ ਤਕ ਤੁਸੀਂ ਆਪਣਾ ਭਵਿੱਖ ਆਪ ਨਿਰਧਾਰਿਤ ਕਰਦੇ ਹੋ? ਤੁਸੀਂ ਆਪਣੇ ਜੀਵਨ ਵਿਚ ਉਹੀ ਬਣਦੇ ਹੋ ਜੋ ਤੁਸੀਂ ਦਰਅਸਲ ਬਣਨਾ ਚਾਹੁੰਦੇ ਹੋ। ਜੇਕਰ ਤੁਸੀਂ ਕਿਸੇ ਖਾਸ ਪੇਸ਼ੇ ਜਾਂ ਕਾਰੋਬਾਰ ਨੂੰ ਅਪਣਾਉਣ ਦੀ ਤੀਬਰ ਇੱਛਾ ਰੱਖਦੇ ਹੋ ਤਾਂ ਅਕਸਰ ਤੁਸੀਂ ਉਸੇ ਨੂੰ ਅਪਣਾਉਂਦੇ ਹੋ। ਇਹ ਇਕ ਵੱਡਮੁੱਲਾ ਭੇਤ ਹੈ ਜਿਸ ਨੂੰ ਗਹਿਰਾਈ ਨਾਲ ਜਾਣਿਆ ਜਾਣਾ ਚਾਹੀਦਾ ਹੈ। ਤੁਹਾਡੇ ਆਉਣ ਵਾਲੇ ਕੱਲ੍ਹ ਦੀ ਚਾਬੀ ਤੁਹਾਡੇ ਆਪਣੇ ਹੱਥ ਵਿਚ ਹੈ।

ਤੁਹਾਨੂੰ ਚੇਤੇ ਹੋਵੇਗਾ ਕਿ ਇਕ ਰਾਤ ਪਰਮੇਸ਼ਰ ਸੁਲੇਮਾਨ ਕੋਲ ਪ੍ਰਗਟ ਹੋਇਆ ਅਤੇ ਪੁੱਛਣ ਲੱਗਾ ਕਿ ਉਸ ਨੂੰ ਕੀ ਚਾਹੀਦਾ ਹੈ। ਸੁਲੇਮਾਨ ਨੇ ਬੁੱਧ ਅਤੇ ਗਿਆਨ ਮੰਗਿਆ, ਅਤੇ ਉਸ ਦੀ ਬੇਨਤੀ ਪਰਵਾਨ ਹੋਈ—ਉਸ ਦੇ ਨਾਲ-ਨਾਲ ਉਸ ਨੂੰ ਪੂੰਜੀ, ਦੌਲਤ, ਇੱਜ਼ਤ, ਜਿੱਤ ਅਤੇ ਲੰਮਾ ਜੀਵਨ ਵੀ ਪ੍ਰਾਪਤ ਹੋਇਆ।

ਇਸੇ ਤਰ੍ਹਾਂ ਇਹ ਸਵਾਲ ਹਰੇਕ ਵਿਅਕਤੀ ਦੇ ਸਾਹਮਣੇ ਆਉਂਦਾ ਹੈ, "ਜੋ ਮੰਗਣਾ ਹੈ ਮੰਗ ਲੈ, ਮੈਂ ਤੈਨੂੰ ਉਹ ਦੇ ਦਿਆਂਗਾ।" ਅਤੇ ਜੋ ਅਸੀਂ ਮੰਗਦੇ ਹਾਂ ਉਹੀ ਸਾਨੂੰ ਮਿਲ ਜਾਂਦਾ ਹੈ।

ਅਜਿਹਾ ਕਿਹਾ ਜਾਂਦਾ ਹੈ ਕਿ ਜਵਾਨੀ ਵਿਚ ਲੋਰਡ ਰੋਜ਼ਬੇਰੀ ਦੀਆਂ ਤਿੰਨ ਤਾਂਘਾਂ ਸਨ:

1. ਉਹ ਡਰਬੀ (ਘੁੜਦੌੜ) ਜਿੱਤਣਾ ਚਾਹੁੰਦਾ ਸੀ।
2. ਉਹ ਕਿਸੇ ਕਰੋੜਪਤੀ ਦੀ ਧੀ ਨਾਲ ਵਿਆਹ ਕਰਨਾ ਚਾਹੁੰਦਾ ਸੀ।
3. ਉਹ ਪ੍ਰਧਾਨ ਮੰਤਰੀ ਬਣਨਾ ਚਾਹੁੰਦਾ ਸੀ।

ਇਤਹਾਸ ਸਾਨੂੰ ਦੱਸਦਾ ਹੈ ਇਕ ਉਸ ਨੇ ਇਹ ਤਿੰਨੇ ਤਾਂਘਾਂ ਪ੍ਰਾਪਤ ਕਰ ਲਈਆਂ।

ਕੁਝ ਵਰ੍ਹੇ ਪਹਿਲਾਂ ਇਕ ਨੌਜਵਾਨ ਨੇ ਸ਼ਿਕਾਗੋ ਵਿਚ ਆਪਣੇ ਘਰ ਵਿਚ ਆਪਣੇ ਬਿਸਤਰ ਦੇ ਕੋਲ ਗੋਡੇ ਟੇਕ ਕੇ ਜ਼ਬੂਰ 145:19 ਦੀ ਪ੍ਰਤਿੱਗਿਆ ਦੀ ਮੰਗ ਕਰਦਿਆਂ ਪ੍ਰਭੂ ਨੂੰ ਕਿਹਾ ਕਿ ਉਹ ਹੇਠ ਲਿਖੀਆਂ ਇੱਛਾਵਾਂ ਨੂੰ ਬੜੀ ਗੰਭੀਰਤਾ ਨਾਲ ਚਾਹੁੰਦਾ ਹੈ:

1. ਕਿ ਉਹ ਵਚਨ ਵਿਚੋਂ ਬਹੁਤ ਸਾਰੀਆਂ ਆਇਤਾਂ ਯਾਦ ਕਰ ਸਕੇ।

2. ਕਿ ਉਹ ਖੁਸ਼ਖਬਰੀ ਦੇ ਪਰਚੇ ਲਿਖ ਸਕੇ ਅਤੇ ਬਹੁਤ ਵੱਡੀ ਤਾਦਾਦ ਵਿਚ ਉਨ੍ਹਾਂ ਨੂੰ ਵੰਡ ਸਕੇ।
3. ਕਿ ਉਹ ਖੁਸ਼ਖਬਰੀ ਦੇ ਪਰਚੇ ਮੁਫ਼ਤ ਵਿਚ ਮਸੀਹੀ ਕਾਮਿਆਂ ਨੂੰ ਮੁਹੱਈਆ ਕਰਵਾ ਸਕੇ।
4. ਕਿ ਉਹ ਖੁਸ਼ਖਬਰੀ ਦਾ ਪ੍ਰਚਾਰ ਕਰ ਸਕੇ ਅਤੇ ਪਰਮੇਸ਼ਰ ਦੇ ਵਚਨ ਦੀ ਸਿੱਖਿਆ ਦੇ ਸਕੇ।
5. ਕਿ ਉਹ ਵਿਸ਼ਵਾਸੀਆਂ ਦੇ ਆਤਮਕ ਵਾਧੇ ਲਈ ਮਸੀਹੀ ਲੇਖ ਲਿਖ ਸਕੇ।

ਜਿਨ੍ਹੇ ਲੋਕ ਟਾਮ ਓਲਸਨ ਨੂੰ ਜਾਣਦੇ ਹਨ ਉਹ ਜਾਣਦੇ ਹਨ ਕਿ ਵਚਨ ਦੀਆਂ ਆਇਤਾ ਯਾਦ ਕਰ ਲੈਣ ਦਾ ਇਕ ਅਸਾਧਾਰਨ ਹੁਨਰ ਉਸ ਦੇ ਅੰਦਰ ਸੀ, ਕਿ ਉਸ ਦੁਆਰਾ ਕੀਤਾ ਗਿਆ ਖੁਸ਼ਖਬਰੀ ਦਾ ਪ੍ਰਚਾਰ ਅਤੇ ਬਾਈਬਲ ਸਿੱਖਿਆਵਾਂ ਅਨੇਕਾਂ ਲਈ ਅਸੀਸ ਬਣੀਆਂ, ਕਿ ਉਸ ਦੁਆਰਾ ਰਸਾਲਿਆਂ ਵਿਚ ਲਿਖੇ ਜਾਣ ਵਾਲੇ ਲੇਖ ਅਨੇਕਾਂ ਲੋਕਾਂ ਦੁਆਰਾ ਪੜ੍ਹੇ ਜਾਂਦੇ ਸਨ, ਅਤੇ ਉਸ ਦੇ ਖੁਸ਼ਖਬਰੀ ਦੇ ਪਰਚੇ ਹੋਰ ਕਿਸੇ ਵੀ ਵਿਅਕਤੀ ਦੇ ਪਰਚਿਆਂ ਨਾਲੋਂ ਕਿਤੇ ਵਧੇਰੇ ਮਾਤਰਾ ਵਿਚ ਵੰਡੇ ਗਏ। ਹਰੇਕ ਨੌਜਵਾਨ ਨਾਲ ਅਜਿਹਾ ਹੀ ਹੁੰਦਾ ਹੈ। "ਭਵਿੱਖ ਦਾ ਕੋਰਾ ਕਾਗਜ਼ ਉਨ੍ਹਾਂ ਦੇ ਸਾਹਮਣੇ ਪਿਆ ਰਹਿੰਦਾ ਹੈ, ਉਨ੍ਹਾਂ ਦੀ ਮਰਜ਼ੀ ਹੈ ਕਿ ਉਹ ਜੋ ਚਾਹੇ ਉਹ ਉਸ ਉੱਤੇ ਲਿਖ ਦੇਣ।"[1]

ਅਤੇ ਇਥੋਂ ਅਸੀਂ ਇਸ ਗੱਲ 'ਤੇ ਪੁੱਜ ਜਾਂਦੇ ਹਾਂ, ਸਾਵਧਾਨ ਰਹੋ ਕਿ ਤੁਸੀਂ ਕੀ ਚਾਹੁੰਦੇ ਹੋ! ਤੁਹਾਡੀ ਚੋਣ ਉੱਤੇ ਬਹੁਤ ਕੁਝ ਨਿਰਭਰ ਕਰਦਾ ਹੈ। ਅਤੇ ਇਹ ਹੋ ਕੇ ਹੀ ਰਹਿੰਦਾ ਹੈ।

> ਜਦੋਂ ਪਿਘਲਾਇਆ ਹੋਇਆ ਲੋਹਾ ਬਲਦੀ ਭੱਠੀ ਵਿਚੋਂ ਨਿਕਲਦਾ ਹੈ, ਇਸ ਨੂੰ ਕਿਸੇ ਵੀ ਸਾਂਚੇ ਵਿਚੋਂ ਦੀ ਲੰਘਾਇਆ ਜਾ ਸਕਦਾ ਹੈ; ਪਰ ਛੇਤੀ ਹੀ ਇਹ ਠੰਡਾ ਹੋ ਕੇ ਕਰੜਾ ਹੋ ਜਾਂਦਾ ਹੈ, ਅਤੇ ਜਿਸ ਸਾਂਚੇ ਵਿਚ ਇਹ ਹੁੰਦਾ ਹੈ ਉਸੇ ਦਾ ਆਕਾਰ ਲੈ ਲੈਂਦਾ ਹੈ, ਫਿਰ ਭਾਵੇਂ ਜਿੰਨੇ ਵੀ ਹਥੌੜੇ ਮਾਰੇ ਜਾਣ, ਇਹ ਆਪਣਾ ਆਕਾਰ ਨਹੀਂ ਬਦਲਦਾ।
> ਜੇਕਰ ਨੌਜਵਾਨ ਲੜਕੇ-ਲੜਕੀਆਂ ਆਪਣੀ ਜਵਾਨੀ ਦੀਆਂ ਸੰਭਾਵਨਾਵਾਂ ਨੂੰ ਵੇਖ ਲੈਣ, ਅਤੇ ਇਸ ਉਮਰ ਵਿਚ ਛੇਤੀ ਲਏ ਜਾਣ ਵਾਲੇ ਫੈਸਲਿਆਂ ਦੀ ਚੋਣ ਨੂੰ ਪਛਾਣ ਲੈਣ, ਉਸੇ ਤਰ੍ਹਾਂ ਜਿਸ ਤਰ੍ਹਾਂ ਉਹ ਉਨ੍ਹਾਂ ਨੂੰ ਇਕ ਦਿਨ ਅਸਲੀਅਤ ਵਿਚ ਵੀ ਵੇਖਣਗੇ, ਤਾਂ ਸ਼ਾਇਦ ਹੀ ਉਨ੍ਹਾਂ ਦੀ ਕੋਈ ਸਵੇਰ ਬਰਬਾਦ ਹੋਵੇ ਅਤੇ ਸ਼ਾਇਦ ਹੀ ਕੋਈ ਸ਼ਾਮ ਗਮਗੀਨ ਹੋਵੇ।[2]

ਸੋਚ-ਵਿਚਾਰ ਕੇ ਚੋਣ ਕਰਨ ਵਾਲੇ ਇਕ ਵਿਅਕਤੀ ਪਿੱਛੇ ਘੱਟੋ ਘੱਟ ਤਿੰਨ ਵਿਅਕਤੀ ਅਜਿਹੇ ਹੁੰਦੇ ਹਨ ਜਿਹੜੇ ਬਿਨਾਂ ਸੋਚ-ਵਿਚਾਰੇ ਹੀ ਆਪਣੀ ਜ਼ਿੰਦਗੀ ਦੇ ਵਹਾਉ ਨਾਲ ਵਗਦੇ ਜਾਂਦੇ ਹਨ। ਉਹ ਸੋਚਦੇ ਹਨ ਕਿ ਉਹ ਕਿਸਮਤ ਦੇ ਹੱਥ ਵਿਚ ਇਕ ਮੋਹਰਾ

1. Alexander Maclaren, EXPOSITIONS OF HOLY SCRIPTURE. DEUT. II KINGS VII (New York: George H. Doran Co., no date given), pp. 155. 156.
1. Ibid.

ਹਨ। ਉਹ ਕਿਸਮਤ ਦੇ ਆਸਰੇ ਰਹਿੰਦੇ ਹਨ। ਪਰ, ਫਿਰ ਵੀ, ਉਨ੍ਹਾਂ ਨੇ ਆਪਣੀ ਚੋਣ ਕਰ ਲਈ ਹੈ, ਅਤੇ ਇਹ ਚੋਣ ਹੈ ਜ਼ਿੰਦਗੀ ਦੇ ਵਹਾਉ ਨਾਲ ਅਗਾਹਾਂ ਵਧਦੇ ਜਾਣ ਦੀ ਚੋਣ, ਅਤੇ ਜੋ ਉਨ੍ਹਾਂ ਅੱਗੇ ਆਵੇ ਉਸ ਨੂੰ ਸਵੀਕਾਰ ਕਰਦੇ ਜਾਣ ਦੀ ਚੋਣ।

ਸੋਚਵਾਨ ਨੌਜਵਾਨਾਂ ਨੂੰ ਆਪਣੀ ਚੁਣਿੰਦਾ ਪਦਵੀ ਅਤੇ ਬੇਸ਼ਕੀਮਤੀ ਚੋਣ ਬਾਰੇ ਜਾਗਰੂਕ ਹੋ ਜਾਣਾ ਚਾਹੀਦਾ ਹੈ। ਉਨ੍ਹਾਂ ਨੂੰ ਇਹ ਸਿਆਣ ਜਾਣਾ ਚਾਹੀਦਾ ਹੈ ਕਿ ਉਹ ਜੋ ਵੀ ਚਾਹੁਣ ਉਹ ਬਣ ਸਕਦੇ ਹਨ। ਫਿਰ ਉਨ੍ਹਾਂ ਨੂੰ ਬਹੁਤ ਸਾਵਧਾਨ ਹੋ ਜਾਣਾ ਚਾਹੀਦਾ ਹੈ ਕਿ ਜੋ ਚੋਣ ਉਹ ਕਰ ਰਹੇ ਹਨ ਉਹ ਇਕ ਯੋਗ ਚੋਣ ਹੋਵੇ।

*ਜੇਕਰ ਅੱਜ ਪਰਮੇਸ਼ਰ ਤੁਹਾਨੂੰ ਪੁੱਛੇ,*
*"ਤੁਸੀਂ ਆਪਣੀ ਜ਼ਿੰਦਗੀ ਵਿਚ ਕੀ ਚਾਹੁੰਦੇ ਹੋ?" ਤੁਹਾਡਾ ਜਵਾਬ ਕੀ ਹੋਵੇਗਾ?*
*ਧਿਆਨ ਨਾਲ ਸੁਣੋ! ਉਹ ਤੁਹਾਨੂੰ ਪੁੱਛ ਰਿਹਾ ਹੈ!*

# ਉੱਚੀਆਂ ਤਾਂਘਾਂ: ਸਹੀ ਜਾਂ ਨਹੀਂ?

ਸਾਡੀ ਜ਼ਿੰਦਗੀ ਦੀ ਇਕ ਯੋਗ ਤਾਂਘ ਕੀ ਹੋ ਸਕਦੀ ਹੈ? ਕਿਹੋ ਜਿਹਾ ਪੇਸ਼ਾ ਸਾਡੀ ਮੌਤ ਤੋਂ ਪੰਜ ਮਿੰਟ ਬਾਦ ਸਭ ਤੋਂ ਵਧੇਰੇ ਸੰਤੋਖਜਨਕ ਹੋਵੇਗਾ? ਸਾਡੇ ਸਮੇਂ, ਹੁਨਰ ਅਤੇ ਧਨ ਦਾ ਸਭ ਤੋਂ ਵਧੀਆ ਨਿਵੇਸ਼ ਕੀ ਹੋ ਸਕਦਾ ਹੈ?

ਕੀ ਅਸੀਂ ਸਭ ਤੋਂ ਪਹਿਲਾਂ ਇਸ ਗੱਲ ਦੇ ਇਕਮੱਤ ਹੋ ਸਕਦੇ ਹਾਂ ਕਿ "ਅਮੀਰ ਬਣਨਾ" ਮਸੀਹੀਆਂ ਲਈ ਇਕ ਯੋਗ ਟੀਚਾ ਨਹੀਂ ਹੈ?

1. ਸਭ ਤੋਂ ਪਹਿਲਾਂ ਪ੍ਰਭੂ ਨੇ ਆਪ ਖਾਸਤੌਰ 'ਤੇ ਇਸ ਦੀ ਮਨਾਹੀ ਕੀਤੀ ਹੈ (ਮੱਤੀ 6:19), ਇਸ ਕਰਕੇ ਇਹ ਟੀਚਾ ਉੰਨਾ ਹੀ ਗਲਤ ਹੈ ਜਿੰਨਾ ਅਨੈਤਿਕਤਾ ਜਾਂ ਹੱਤਿਆ।
2. ਦੂਜਾ, ਭੌਤਿਕ ਸੰਪਤੀ ਸਾਡੇ ਆਤਮਕ ਕੰਮਾਂ ਵਿਚ ਇਕ ਬਹੁਤ ਵੱਡੀ ਰੁਕਾਵਟ ਹੈ (ਮਰਕੁਸ 10:23, 24)।
3. ਦੌਲਤ ਧੋਖੇਬਾਜ਼ ਹੈ (ਮਰਕੁਸ 4:19): ਇਹ ਅਸਲ ਪਰਤੀਤ ਹੁੰਦੀ ਹੈ ਪਰ ਬਹੁਤ ਛੇਤੀ ਅਤੇ ਅਚਨਚੇਤ ਹੀ ਉੱਡ-ਪੁੱਡ ਜਾਂਦੀ ਹੈ।
4. ਸਾਡਾ ਆਦਰਸ਼, ਪ੍ਰਭੂ ਯਿਸੂ ਮਸੀਹ ਅਮੀਰ ਨਹੀਂ ਸੀ (2 ਕੁਰਿੰਥੀਆਂ 8:9)। ਉਸ ਨੇ ਬਾਰ-ਬਾਰ ਇਸੇ ਗੱਲ 'ਤੇ ਜ਼ੋਰ ਦਿੱਤਾ ਕਿ ਨੌਕਰ ਆਪਣੇ ਮਾਲਕ ਤੋਂ ਉੱਚਾ ਨਹੀਂ ਹੋ ਸਕਦਾ (ਮੱਤੀ 10:24, 25)।
5. ਦੌਲਤ ਨੂੰ ਸਵਰਗ ਵਿਚ ਨਹੀਂ ਲਿਜਾਇਆ ਜਾ ਸਕਦਾ (2 ਕੁਰਿੰਥੀਆਂ 4:18)।
6. ਫਿਰ ਇਹ ਇਕ ਨੈਤਿਕ ਸਮੱਸਿਆ ਵੀ ਬਣ ਜਾਂਦੀ ਹੈ ਕਿ ਇਕ ਮਸੀਹੀ ਵਿਅਕਤੀ, ਜਿਸ ਦੇ ਆਲੇ-ਦੁਆਲੇ ਗਰੀਬੀ ਛਾਈ ਹੋਈ ਹੈ, ਉਹ ਆਪ ਅਮੀਰ ਕਿਵੇਂ ਬਣਿਆ ਰਹਿ ਸਕਦਾ ਹੈ।

ਕੁਝ ਵਰ੍ਹੇ ਪਹਿਲਾਂ, ਇਕ ਓਂਟਾਰਿਓ ਅਖ਼ਬਾਰ ਵਿਚ ਇਹ ਖ਼ਬਰ ਛਪੀ ਸੀ:

> ਲਿਸਟੋਵੇਲ ਦੇ ਵਸਨੀਕ ਮਰਹੂਮ ਜੌਨ ਲਿਵਿੰਗਸਟਨ ਆਪਣੀ ਮੌਤ ਵੇਲੇ ਉਂਟਾਰਿਓ ਦੀ ਪਰਥ ਕਾਉਂਟੀ ਦਾ ਸਭ ਤੋਂ ਵਧ ਧਨੀ ਵਿਅਕਤੀ ਸੀ। ਉਸ ਦੀ ਜਾਗੀਰ ਦਾ ਮੁੱਲ 500,000 ਡਾਲਰ ਸੀ। ਇਸ ਤੋਂ ਇਲਾਵਾ ਉਸ ਦਾ ਜੀਵਨ

ਬੀਮਾ ਵੀ 500,000 ਡਾਲਰ ਦਾ ਸੀ। ਉਹ ਇਕ ਉੱਘੇ ਸਕਾਟਿਸ਼ ਮਿਸ਼ਨਰੀ ਅਤੇ ਖੋਜੀ ਡੇਵਿਡ ਲਿਵਿੰਗਸਟ ਦਾ ਸਕਾ ਭਰਾ ਸੀ।

"ਆਪਣੇ ਸਕਾਟਿਸ਼ ਘਰ ਵਿਚ ਰਹਿੰਦਿਆਂ ਆਪਣੀ ਜ਼ਿੰਦਗੀ ਦੇ ਅਰੰਭਕ ਵਰ੍ਹਿਆਂ ਵਿਚ ਇਨ੍ਹਾਂ ਦੋਹਾਂ ਨੌਜਵਾਨਾਂ ਨੇ ਜਬਰਦਸਤ ਫੈਸਲੇ ਲਏ। ਜੌਨ ਨੇ ਕਿਹਾ, 'ਮੈਂ ਦੌਲਤ ਕਮਾਉਣ ਲਈ ਕਨੇਡਾ ਜਾ ਰਿਹਾ ਹਾਂ।' ਅਤੇ ਉਸ ਨੇ ਅਜਿਹਾ ਕੀਤਾ ਵੀ! ਡੇਵਿਡ ਨੇ ਆਪਣੀ ਜ਼ਿੰਦਗੀ ਆਪਣੇ ਮੁਕਤੀਦਾਤਾ ਯਿਸੂ ਮਸੀਹ ਨੂੰ ਅਰਪਤ ਕਰ ਦਿੱਤੀ ਅਤੇ ਕਾਲੇ ਲੋਕਾਂ ਨੂੰ ਬਚਾਉਣ ਲਈ ਅਫ਼ਰੀਕਾ ਦੇ ਅੰਦਰੂਨੀ ਇਲਾਕਿਆਂ ਵਿਚ ਖੁਸ਼ਖਬਰੀ ਲੈ ਕੇ ਪੁੱਜਣ ਦਾ ਬੀੜਾ ਚੁੱਕ ਲਿਆ। ਦੁਨਿਆਵੀ ਨਜ਼ਰੀਏ ਨਾਲ ਵੇਖਿਆ ਜਾਵੇ ਤਾਂ ਜੌਨ ਸਿਆਣਾ ਸੀ ਅਤੇ ਡੇਵਿਡ ਮੂਰਖ। ਪਰ ਦੁਨਿਆਵੀ ਨਜ਼ਰੀਆ ਅਤਿਅੰਤ ਸੰਕੀਰਨ ਹੈ। ਹਾਲਾਂਕਿ ਜੌਨ ਨੇ ਕਾਰੋਬਾਰ ਵਿਚ ਸਫਲਤਾ ਪ੍ਰਾਪਤ ਕੀਤੀ ਅਤੇ ਅਪਾਰ ਦੌਲਤ ਜਮਾਂ ਕਰ ਲਈ, ਅਤੇ ਭਾਵੇਂ ਡੇਵਿਡ ਨੇ ਆਪਣੀ ਜ਼ਿੰਦਗੀ ਅਫ਼ਰੀਕਾ ਵਿਚ ਕੁਰਬਾਨ ਕਰ ਦਿੱਤੀ ਅਤੇ ਇਕਾਂਤ ਵਿਚ ਬਣੀ ਇਕ ਝੌਂਪੜੀ ਵਿਚ ਆਪਣੇ ਗੋਡਿਆਂ ਭਾਰ ਬੈਠਿਆਂ ਪ੍ਰਾਣ ਤਿਆਗ ਦਿੱਤੇ, ਪਰ ਜੇਕਰ ਅੱਜ ਲਗਭਗ ਸਵਾ ਸੌ ਜਾਂ ਡੇਢ ਸੌ ਸਾਲ ਬਾਦ ਦੀ ਗੱਲ ਕਰੀਏ ਤਾਂ ਨਤੀਜਾ ਤੁਹਾਡੇ ਸਾਹਮਣੇ ਹੈ, ਜੌਨ ਦਾ ਨਾਮ ਇਸ ਧਰਤੀ ਉੱਤੋਂ ਲਗਭਗ ਮਿਟ ਚੁੱਕਿਆ ਹੈ, ਪਰ ਦੁਨੀਆਭਰ ਵਿਚ ਜਿਥੇ ਕਿਤੇ ਖੁਸ਼ਖਬਰੀ ਹੈ ਉਥੇ ਡੇਵਿਡ ਲਿਵਿੰਗਸਟਨ ਦਾ ਨਾਮ ਅੱਜ ਵੀ ਮਹਿਕਦਾ ਹੈ।"[1]

ਪਰ ਦੌਲਤ ਮਗਰ ਭੱਜਣਾ ਹੀ ਇਕਮਾੱਤਰ ਖਿੱਚ ਨਹੀਂ ਹੈ!

ਲੋਕਾਂ ਦੇ ਜੀਵਨ ਵਿਚ ਇਕ ਹੋਰ ਉਕਸਾਊ ਤਾਕਤ ਹੈ ਵਿਅਕਤੀਗਤ ਮਸ਼ਹੂਰੀ। ਲੋਕ ਕੁਝ ਅਖਵਾਉਣਾ ਚਾਹੁੰਦੇ ਹਨ, ਭਾਵੇਂ ਬਦਨਾਮ ਹੀ ਹੋ ਜਾਣ ਪਰ ਨਾਮ ਕਮਾਉਣਾ ਚਾਹੁੰਦੇ ਹਨ, ਕਿ ਉਨ੍ਹਾਂ ਦਾ ਨਾਮ ਲੈ ਕੇ ਉਨ੍ਹਾਂ ਨੂੰ ਚੇਤੇ ਕੀਤਾ ਜਾਵੇ।

ਕੁਝ ਲੋਕ ਕਾਰੋਬਾਰ ਜਾਂ ਆਪਣੇ ਪੇਸ਼ੇ ਵਿਚ ਨਾਮ ਕਮਾਉਣਾ ਚਾਹੁੰਦੇ ਹਨ। ਉਹ ਇਸ ਵਿਚ ਆਪਣੀ ਜੀ-ਜਾਨ ਲਗਾ ਦਿੰਦੇ ਹਨ। ਉਹ ਵਣਜ ਜਾਂ ਵਿਗਿਆਨ ਦੇ ਮੰਦਰਾਂ ਵਿਚ ਭਗਤੀ ਕਰਦੇ ਹਨ। ਉਹ ਆਪਣੇ ਚੁਣਿੰਦਾ ਖੇਤਰਾਂ ਵਿਚ ਸਫਲਤਾ ਪ੍ਰਾਪਤ ਕਰਨ ਲਈ ਬਿਨਾਂ ਥਕੇ ਮਿਹਨਤ ਕਰਦੇ ਰਹਿੰਦੇ ਹਨ, ਜਦਕਿ ਪਰਮੇਸ਼ਰ ਦੀ ਅਵਾਜ਼ ਉਨ੍ਹਾਂ ਨੂੰ ਪੁਕਾਰਦੀ ਰਹਿੰਦੀ ਹੈ, "ਕੀ ਤੂੰ ਆਪਣੇ ਲਈ ਵੱਡੀਆ ਚੀਜ਼ਾਂ ਲੱਭਦਾ ਹੈਂ? ਤੂੰ ਨਾ ਲੱਭ।" (ਯਿਰਮਿਯਾਹ 45:5)।

ਕੁਝ ਲੋਕ ਖੇਡ ਜਗਤ ਵਿਚ ਨਾਮ ਕਮਾਉਣਾ ਚਾਹੁੰਦੇ ਹਨ। ਉਹ ਬਹੁਤ ਡਾਢੇ ਅਨੁਸ਼ਾਸਨ ਹੇਠ ਗੰਭੀਰਤਾ ਨਾਲ ਅਭਿਆਸ ਕਰਦੇ ਹਨ। ਦਿਲੇਰੀ ਦੇ ਕੰਮ ਕਰਨ ਲਈ ਕੁਰਬਾਨੀਆਂ ਕੀਤੀਆਂ ਜਾਂਦੀਆ ਹਨ। ਫਿਰ ਜਦੋਂ ਮੁਕਾਬਲੇ ਦੀ ਘੜੀ ਆਉਂਦੀ ਹੈ ਤਾਂ ਉਹ ਆਪਣੇ ਸਰੀਰ ਦੇ ਇਕ-ਇਕ ਜੋੜ ਅਤੇ ਇਕ-ਇਕ ਮਾਸਪੇਸ਼ੀ ਦਾ ਪੂਰਾ ਜ਼ੋਰ ਲਾ ਦਿੰਦੇ ਹਨ ਕਿ ਇਨਾਮ ਜਿੱਤ ਸਕਣ। ਪਰ ਪਵਿੱਤਰ ਸ਼ਾਸਤਰ ਦੀ ਬਾਣੀ ਤਾਂ

1. C. Ernest Tatham, "Young Believers' Department," HELP AND FOOD Magazine (July. 1949), PP. 324, 325.

ਕੁਝ ਹੋਰ ਹੀ ਆਖਦੀ ਹੈ ਕਿ ਪਰਮੇਸ਼ਰ "ਨਾ ਘੋੜੇ ਦੇ ਜ਼ੋਰ ਉੱਤੇ ਖੁਸ਼ ਹੁੰਦਾ ਹੈ, ਨਾ ਮਨੁੱਖ ਦੀਆਂ ਲੱਤਾਂ ਉੱਤੇ ਰੀਝਦਾ ਹੈ।" (ਜ਼ਬੂਰ 147:10)। ਉਹ ਖੇਡਾਂ ਦਾ ਮੁਰੀਦ ਨਹੀਂ ਹੈ, ਕਿਉਂ ਜੋ ਸਰੀਰਕ ਸਾਧਨਾ ਤੋਂ ਲਾਭ ਥੋੜਾ ਹੈ ਪਰ ਭਗਤੀ ਸਭਨਾਂ ਗੱਲਾਂ ਲਈ ਲਾਭਵੰਤ ਹੈ ਕਿਉਂ ਜੋ ਹੁਣ ਦਾ ਅਤੇ ਆਉਣ ਵਾਲੇ ਜੀਵਨ ਦਾ ਵਾਇਦਾ ਉਹ ਦੇ ਨਾਲ ਹੈ (1 ਤਿਮੋਥਿਉਸ 4:8)।

ਹੋਰ ਲੋਕ ਅਜਿਹੇ ਹਨ ਜਿਹੜੇ ਗਿਆਨ, ਫਿਲਾਸਫ਼ੀ, ਇਤਹਾਸ ਜਾਂ ਸੰਗੀਤ ਦੇ ਖੇਤਰ ਵਿਚ ਪਲਾਂਘਾਂ ਪੁੱਟਣਾ ਚਾਹੁੰਦੇ ਹਨ। ਪਰ ਤ੍ਰਾਸਦੀ ਇਸ ਗੱਲ ਦੀ ਹੈ ਕਿ ਮਸੀਹੀ ਲੋਕ ਆਪਣੀ ਸਾਰੀ ਜ਼ਿੰਦਗੀ ਅਜਿਹੇ ਖੇਤਰ ਵਿਚ ਮਾਹਿਰ ਬਣਨ ਵਿਚ ਬਿਤਾ ਦਿੰਦੇ ਹਨ ਜਿਸ ਦਾ ਸਵਰਗ ਵਿਚ ਕੋਈ ਲਾਭ ਨਹੀਂ ਹੈ।

ਅਜਿਹੇ ਵੀ ਕੁਝ ਲੋਕ ਹਨ ਜਿਹੜੇ ਆਪਣੇ ਸਾਥੀ ਵਸਨੀਕਾਂ ਦੀ ਮਦਦ ਕਰਨਾ ਚਾਹੁੰਦੇ ਹਨ, ਅਤੇ ਅਜਿਹਾ ਕਰਨ ਲਈ ਉਹ ਸਿਆਸਤਦਾਨ ਬਣ ਜਾਂਦੇ ਹਨ ਜਾਂ ਸਮਾਜ ਸੇਵਾ ਜਾਂ ਸਮਾਜ ਸੁਧਾਰ ਦੇ ਕੰਮ ਕਰਦੇ ਹਨ। ਇਨ੍ਹਾਂ ਬਾਰੇ ਤਾਂ ਅਜਿਹਾ ਕਿਹਾ ਵੀ ਜਾ ਸਕਦਾ ਹੈ ਕਿ ਇਹ ਲੋਕ ਬਾਕੀ ਸਾਰਿਆਂ ਨਾਲੋਂ ਘੱਟ ਸੁਆਰਥੀ ਹਨ, ਪਰ ਫਿਰ ਵੀ ਇਨ੍ਹਾਂ ਦੇ ਇਹ ਲੋਕ ਭਲਿਆਈ ਦੇ ਕਾਰਜ ਵੀ ਊਣੇ ਰਹਿ ਜਾਂਦੇ ਹਨ। ਇਨਸਾਨ ਦੀ ਮਦਦ ਕਰਨ ਲਈ ਜਾਂ ਉਸ ਦੇ ਸਾਹਮਣੇ ਆਉਣ ਵਾਲੀਆਂ ਸਮੱਸਿਆਵਾਂ ਦਾ ਸਮਾਧਾਨ ਕਰਨ ਲਈ ਲਾਜਮੀ ਹੈ ਕਿ ਪਹਿਲਾਂ ਉਸ ਦਾ ਸੁਭਾਅ ਬਦਲਿਆ ਜਾਵੇ। ਪਰ ਇਸ ਯੁੱਗ ਦਾ ਕੋਈ ਵੀ ਆਦਰਸ਼ਵਾਦੀ ਪ੍ਰੋਜੈਕਟ ਅਜਿਹਾ ਕਰਨ ਦੇ ਯੋਗ ਨਹੀਂ ਹੈ। ਇਸ ਦਾ ਜਵਾਬ ਕੇਵਲ ਖੁਸ਼ਖਬਰੀ ਵਿਚ ਹੀ ਹੈ। ਸਭ ਤੋਂ ਵੱਡਾ ਪਰਉਪਕਾਰ ਇਹੋ ਹੈ ਕਿ ਇਨਸਾਨ ਦੀ ਮੁਲਾਕਾਤ ਪ੍ਰਭੂ ਯਿਸੂ ਮਸੀਹ ਨਾਲ ਕਰਵਾ ਦਿੱਤੀ ਜਾਵੇ।

ਇਸ ਤਰ੍ਹਾਂ ਅਸੀਂ ਜ਼ਿੰਦਗੀ ਦੀਆਂ ਅਜਿਹੀਆਂ ਅਨੇਕਾਂ ਵਿਅਰਥ ਵਸਤਾਂ ਦੀ ਚਰਚਾ ਕਰਦੇ ਜਾ ਸਕਦੇ ਹਾਂ ਜਿਨ੍ਹਾਂ ਪਿੱਛੇ ਇਨਸਾਨ ਭੱਜਦੇ ਰਹਿੰਦੇ ਹਨ, ਅਤੇ ਸਾਡੇ ਸਾਹਮਣੇ ਨਤੀਜਾ ਇਹੋ ਆਵੇਗਾ ਕਿ ਮਨੁੱਖਾਂ ਦੇ ਸਰਬਉੱਚ ਜਤਨ ਵੀ ਵਿਅਰਥ ਹਨ, ਕਿਉਂਕਿ ਸਭ ਤੋਂ ਪਹਿਲਾਂ ਤਾਂ ਉਹ ਪ੍ਰਭਾਵਹੀਣ ਹਨ, ਅਤੇ ਦੂਜਾ ਇਹ ਕਿ ਸਦੀਪਕਤਾ ਦੀ ਰੋਸ਼ਨੀ ਵਿਚ ਇਹ ਸਾਰੇ ਵਿਫਲ ਠਹਿਰਦੇ ਹਨ। ਉਨ੍ਹਾਂ ਦਾ ਮੁੱਲ ਕੇਵਲ ਇਸੇ ਜੀਵਨ ਤਕ ਸੀਮਤ ਹੈ। ਉਹ ਦੋ ਸੰਸਾਰਾਂ ਲਈ ਜਿਉਣ ਵਾਲੇ ਮਸੀਹੀਆਂ ਦੇ ਦਰਸ਼ਨ ਦੀ ਪੂਰਤੀ ਕਦੇ ਵੀ ਨਹੀਂ ਕਰ ਸਕਦੇ।

> ਉਸ ਵਿਅਕਤੀ ਨੇ ਆਪਣੇ ਜੀਵਨ ਦੀ ਸਾਰਥਕਤਾ ਅਜੇ ਤਕ ਪਛਾਣੀ ਹੀ ਨਹੀਂ ਹੈ ਜਿਹੜਾ ਦੋ ਸੰਸਾਰਾਂ ਨੂੰ ਧਿਆਨ ਵਿਚ ਨਹੀਂ ਰੱਖਦਾ ਹੈ। ਇਕ ਜੀਵਨ ਇਹ ਹੈ ਅਤੇ ਇਕ ਆਉਣ ਵਾਲਾ ਹੈ। ਕੀ ਆਉਣ ਵਾਲੇ ਜੀਵਨ ਬਾਰੇ ਸੋਚਣ ਦਾ ਕੰਮ ਕੇਵਲ ਉਸ ਵਿਅਕਤੀ ਦਾ ਹੈ ਜਿਸ ਦੇ ਵਾਲ ਚਿੱਟੇ ਹੋ ਗਏ ਹਨ? ਮੈਂ ਉਨ੍ਹਾਂ ਨਾਲ ਗੱਲ ਕਰਨਾ ਚਾਹਾਂਗਾ ਜਿਨ੍ਹਾਂ ਦੇ ਤਾਂ ਅਜੇ ਤਕ ਧੌਲੇ ਵੀ ਨਹੀਂ ਪਏ ਹਨ, ਅਤੇ ਉਨ੍ਹਾਂ ਅੱਗੇ ਇਹ ਬੇਨਤੀ ਕਰਨਾ ਚਾਹਾਂਗਾ ਕਿ ਜਦ ਤਕ ਸਮਾਂ ਹੈ ਸੋਚੋ,

ਅਤੇ ਅਵਿਸ਼ਵਾਸ, ਵਿਅਰਥਾ, ਸੁਆਰਥ ਤੇ ਸੰਕੀਰਨਤਾ ਦੇ ਵੱਸ ਵਿਚੋਂ ਆਪਣੀ ਜ਼ਿੰਦਗੀ ਛੁਡਾ ਕੇ ਵਿਸ਼ਵਾਸ, ਦ੍ਰਿੜ੍ਹਤਾ ਅਤੇ ਵਡਪੱਣ ਵਿਚ ਲੈ ਆਓ, ਨਾਲੇ ਇਹ ਧਿਆਨ ਵਿਚ ਰੱਖੋ ਕਿ ਸਾਡੀ ਜ਼ਿੰਦਗੀ ਦੋ ਸੰਸਾਰਾਂ ਦਾ ਹਿੱਸਾ ਹੈ। ਦੋ ਸੰਸਾਰ, ਇਕ ਜਿਹੜਾ ਬਹੁਤ ਹੀ ਸੀਮਤ ਹੈ ਅਤੇ ਦੂਜਾ ਜਿਹੜਾ ਬਿਲਕੁਲ ਹੀ ਅਸੀਮ ਹੈ! ਉਥੇ ਸਾਡੇ ਲਈ ਕੀ ਧਰਿਆ ਹੋਵੇਗਾ? ਇਹੋ ਸਵਾਲ ਹੈ ਜਿਹੜਾ ਅਸਥਾਈ ਅਤੇ ਅਨਿੱਤ ਨੂੰ ਸਦੀਪਕਤਾ ਵਿਚ ਚਿਰਸਥਾਈ ਕਰ ਦਿੰਦਾ ਹੈ। ਅੱਜ ਮੈਂ ਜੋ ਕੁਝ ਕੀਤਾ ਹੈ ਉਸ ਦਾ ਨਤੀਜਾ ਮੈਨੂੰ ਸਦੀਪਕਤਾ ਵਿਚ ਮਿਲਦਾ ਰਹੇਗਾ। ਮੈਂ ਜੀਵਨ ਦੀ ਉਸ ਸਮੱਸਿਆ ਦਾ ਸਾਹਮਣਾ ਉਦੋਂ ਤਕ ਨਹੀਂ ਕਰ ਸਕਦਾ ਜਦੋਂ ਤਕ ਮੈਂ ਉਸ ਨੂੰ ਵੇਖ ਨਾ ਲਵਾਂ।[1]

ਵਿਲੀਅਮ ਕੇਲੀ ਇਕ ਉੱਘਾ ਬਾਈਬਲ ਵਿਦਿਆਰਥੀ ਸੀ ਜਿਸ ਦੀ ਵਿਦਵਤਾ ਅਤੇ ਆਤਮਕਤਾ ਨੇ ਉਸ ਨੂੰ ਪਿਛਲੀ ਸਦੀ ਦੇ ਅੰਤ ਦੇ ਗ੍ਰੇਟ ਬ੍ਰਿਟੇਨ ਵਿਚ ਪਰਮੇਸ਼ਰ ਦੀ ਸਮਰੱਥਾ ਦਾ ਇਕ ਅਨੂਠਾ ਪਾਤਰ ਬਣਾ ਦਿੱਤਾ। ਸ੍ਰੀਮਾਨ ਕੇਲੀ ਨੇ ਡਬਲਿਨ ਦੇ ਟ੍ਰਿਨਿਟੀ ਕਾਲਜ ਵਿਚ ਪੜ੍ਹਾਈ ਕਰਨ ਲਈ ਆਪਣੇ ਇਕ ਨੌਜਵਾਨ ਰਿਸ਼ਤੇਦਾਰ ਦੀ ਤਿਆਰੀ ਕਰਵਾਈ, ਅਤੇ ਇਸ ਤਰ੍ਹਾਂ ਉਹ ਉਥੇ ਦੇ ਪ੍ਰੋਫ਼ੈਸਰਾਂ ਦੀ ਨਜ਼ਰ ਵਿਚ ਆ ਗਏ। ਉਨ੍ਹਾਂ ਨੇ ਸ੍ਰੀਮਾਨ ਕੇਲੀ ਅੱਗੇ ਗੁਜ਼ਾਰਿਸ਼ ਕੀਤੀ ਕਿ ਉਹ ਉਸ ਕਾਲਜ ਵਿਚ ਪੜ੍ਹਾਉਣ ਦਾ ਕੰਮ ਕਰ ਲੈਣ। ਜਦੋਂ ਸ੍ਰੀਮਾਨ ਕੇਲੀ ਨੇ ਇਸ ਵਿਚ ਕੋਈ ਦਿਲਚਸਪੀ ਨਹੀਂ ਦਿਖਾਈ ਤਾਂ ਉਹ ਸਾਰੇ ਹੈਰਾਨ ਹੋ ਗਏ। ਉਨ੍ਹਾਂ ਵਿਚ ਇਕ ਨੇ ਖਿਝ ਕੇ ਉਨ੍ਹਾਂ ਤੋਂ ਪੁੱਛ ਹੀ ਲਿਆ, "ਪਰ ਸ੍ਰੀਮਾਨ ਕੇਲੀ, ਕੀ ਤੁਸੀਂ ਇਸ ਸੰਸਾਰ ਵਿਚ ਆਪਣਾ ਨਾਮ ਰੋਸ਼ਨ ਨਹੀਂ ਕਰਨਾ ਚਾਹੁੰਦੇ?"

ਇਸ ਦਾ ਜਵਾਬ ਦਿੰਦਿਆਂ ਸ੍ਰੀਮਾਨ ਕੇਲੀ ਨੇ ਆਖਿਆ, "ਜੈਂਟਲਮੈਨ, ਕਿਹੜਾ ਸੰਸਾਰ?"

ਜੀ ਹਾਂ, ਇਹੋ ਗੱਲ! ਆਪਣੀ ਜ਼ਿੰਦਗੀ ਦੀਆਂ ਉੱਚੀਆਂ ਤਾਂਘਾਂ ਬਾਰੇ ਸੋਚਦਿਆਂ ਸਭ ਤੋਂ ਵੱਡਾ ਪ੍ਰਸ਼ਨ ਸਾਡੇ ਸਾਹਮਣੇ ਇਹੋ ਹੋਣਾ ਚਾਹੀਦਾ ਹੈ, "ਜੈਂਟਲਮੈਨ, ਕਿਹੜਾ ਸੰਸਾਰ?"

*ਕੀ ਇਸ ਰੋਸ਼ਨੀ ਵਿਚ ਤੁਹਾਡੀਆਂ ਉੱਚੀਆਂ ਤਾਂਘਾਂ ਢੁਕਵੀਆਂ ਪ੍ਰਮਾਣਿਤ ਹੋਣਗੀਆਂ?*

---

1. Scofield, Dr. C. I., IN MANY PULPITS WITH C. I. SCOFIELD (New York: Oxford University Press, 1922). p. 73.

# ਜ਼ਿੰਦਗੀ ਦੀਆਂ ਵੱਡੀਆਂ ਲਾਚਾਰੀਆਂ

ਆਪਣੇ ਭਵਿੱਖ ਬਾਰੇ ਸਿਆਣਪ ਨਾਲ ਸੋਚਣ ਲਈ ਹਰੇਕ ਵਿਅਕਤੀ ਨੂੰ ਤਿੰਨ ਮਹੱਤਵਪੂਰਣ ਮਾਰਗਦਰਸ਼ੀ ਸਿਧਾਂਤ ਧਿਆਨ ਵਿਚ ਰੱਖਣੇ ਚਾਹੀਦੇ ਹਨ:

1. ਪਰਮੇਸ਼ਰ ਦੇ ਪ੍ਰਤੀ ਉਸ ਦਾ ਫ਼ਰਜ਼।
2. ਆਪਣੇ ਸੰਗੀ ਮਨੁੱਖਾਂ ਪ੍ਰਤੀ ਉਸ ਦਾ ਕਰਜ਼।
3. ਉਸ ਦੀ ਆਪਣੀ ਸਰਬਉੱਤਮ ਗਰਜ਼।

ਉਸ ਜ਼ਿੰਦਗੀ ਨੂੰ ਸਫਲ ਨਹੀਂ ਆਖਿਆ ਜਾ ਸਕਦਾ ਜਿਹੜੀ ਇਨ੍ਹਾਂ ਤਿੰਨਾਂ ਜ਼ਿੰਮੇਵਾਰੀਆਂ ਨੂੰ ਪੂਰਿਆਂ ਕਰਨ ਵਿਚ ਅਸਫਲ ਹੋ ਜਾਂਦੀ ਹੈ।

## ਤੁਹਾਡਾ ਪਰਮੇਸ਼ਰ

ਸਭ ਤੋਂ ਪਹਿਲਾਂ ਪਰਮੇਸ਼ਰ! ਜੇਕਰ ਪ੍ਰਭੂ ਕੇਵਲ ਸਾਡਾ ਸਿਰਜਣਹਾਰ ਹੀ ਹੁੰਦਾ ਤਾਂ ਵੀ ਉਹ ਸਾਡੇ ਅਮਿਟ ਭਰੋਸੇ ਅਤੇ ਅਥੱਕ ਸੇਵਾ ਦਾ ਹੱਕਦਾਰ ਹੁੰਦਾ। ਪਰ ਤੱਥ ਤਾਂ ਇਹ ਹੈ ਕਿ ਇਹ ਮਹਾਨ ਸਿਰਜਣਹਾਰ ਸਾਡਾ ਮੁਕਤੀਦਾਤਾ ਬਣ ਗਿਆ ਹੈ, ਇਸੇ ਕਾਰਨ ਹੁਣ ਅਸੀਂ ਕੋਈ ਬਹਾਨਾ ਨਹੀਂ ਬਣਾ ਸਕਦੇ।

ਜ਼ਰੂਰੀ ਹੈ ਕਿ ਸਾਡੇ ਵਿਚੋਂ ਹਰ ਕੋਈ ਇਨ੍ਹਾਂ ਸਦੀਪਕ ਸੱਚਾਈਆਂ ਦਾ ਸਾਹਮਣਾ ਕਰੇ:

1. ਪਰਮੇਸ਼ਰ ਨੇ ਆਪਣੀ ਅਥਾਹ ਦਯਾ ਸਦਕਾ ਆਪਣੇ ਇਕਲੌਤੇ ਪੁੱਤਰ ਨੂੰ ਮੇਰੀ ਥਾਂ 'ਤੇ ਮੌਤ ਸਵੀਕਾਰ ਕਰਨ ਲਈ ਘੱਲਿਆ।
2. ਪ੍ਰਭੂ ਯਿਸੂ ਆਪ ਆਪਣੀ ਮਰਜ਼ੀ ਨਾਲ ਸਵਰਗੀ ਸ਼ਾਨੋ-ਸ਼ੌਕਤ ਛੱਡ ਕੇ ਮੇਰੀ ਖਾਤਰ ਗੰਦਗੀ ਅਤੇ ਸ਼ਰਮ ਨਾਲ ਭਰੇ ਇਸ ਸੰਸਾਰ ਵਿਚ ਆ ਗਿਆ।
3. ਮੇਰੀ ਜਾਨ ਨੂੰ ਬਚਾਉਣ ਲਈ ਉਸ ਨੇ ਦੁਖ ਝੱਲੇ, ਲਹੂ ਵਹਾਇਆ ਅਤੇ ਮਰ ਗਿਆ।
4. ਜਿਸ ਦੀ ਮੌਤ ਹੋਈ ਸੀ ਉਹ ਕੇਵਲ ਇਕ ਇਨਸਾਨ ਨਹੀਂ ਸੀ, ਸਗੋਂ ਉਹ ਆਪ ਸੀ ਜਿਸ ਨੇ ਇਸ ਸੰਸਾਰ ਨੂੰ ਸਿਰਜਿਆ ਹੈ।

5. ਉਸ ਨੇ ਮੇਰੇ ਲਈ ਜਾਨ ਉਦੋਂ ਦਿੱਤੀ ਜਦੋਂ ਮੈਂ ਅਜੇ ਉਸ ਦਾ ਵੈਰੀ ਹੀ ਸਾਂ।
6. ਮੇਰੇ ਪਾਪਾਂ ਦਾ ਹਰਜਾਨਾ ਭਰਨ ਲਈ ਉਸ ਨੇ ਜਿਹੜੇ ਦੁਖ ਸਹੇ ਉਹ ਇੰਨੇ ਜ਼ਿਆਦਾ ਸਨ ਕਿ ਕੋਈ ਵੀ ਮਨੁੱਖੀ ਦਿਮਾਗ ਕਦੇ ਵੀ ਉਨ੍ਹਾਂ ਨੂੰ ਪੂਰੀ ਤਰ੍ਹਾਂ ਸਮਝ ਨਹੀਂ ਸਕੇਗਾ।
7. ਉਸ ਨੇ ਮੈਨੂੰ ਇੰਨਾ ਮੁੱਲਵਾਨ ਸਮਝਿਆ ਕਿ ਉਸ ਨੇ ਮੇਰੇ ਲਈ ਆਪਣਾ ਲਹੂ ਵਹਾਇਆ ਕਿ ਮੈਨੂੰ ਪਾਪ ਦੀ ਗੁਲਾਮ-ਮੰਡੀ ਵਿਚੋਂ ਖਰੀਦ ਲਵੇ।
8. ਉਸ ਨੇ ਮੌਤ ਇਸ ਲਈ ਕਬੂਲ ਲਈ ਕਿ ਉਹ ਮੇਰਾ ਰਾਜਾ, ਮੇਰਾ ਪ੍ਰਭੂ ਅਰੇ ਮੇਰਾ ਸਵਾਮੀ ਬਣੇ।

ਬੜੀ ਹੀ ਅਸਾਨੀ ਨਾਲ ਇਹ ਸੱਚਾਈਆਂ ਮਸੀਹੀਆਂ ਲਈ ਇਕ ਆਮ ਗੱਲ ਬਣ ਸਕਦੀਆਂ ਹਨ। ਪਰ ਜਦੋਂ ਕਿਤੇ ਇਨ੍ਹਾਂ ਦੇ ਤੇਜ ਦੇ ਲਸ਼ਕਾਰੇ ਦੀ ਲਿਸ਼ਕ ਸਾਡੀਆਂ ਆਤਮਾਵਾਂ ਵਿਚ ਪੈ ਜਾਂਦੀ ਹੈ ਤਾਂ ਅਸੀਂ ਸਹਿਮ ਜਾਂਦੇ ਹਾਂ ਅਤੇ ਕੇਵਲ ਇਹੋ ਪੁਕਾਰ ਸਕਦੇ ਹਾਂ:

> ਜਦੋਂ ਉਸ ਨੇ ਮੇਰੇ ਲਈ ਇੰਨਾ ਕੁਝ ਕਰ ਦਿੱਤਾ ਹੈ,
> ਜਦੋਂ ਉਸ ਨੇ ਮੇਰੇ ਲਈ ਇੰਨਾ ਕੁਝ ਕਰ ਦਿੱਤਾ ਹੈ,
> ਤਾਂ ਉਸ ਨੂੰ ਮੈਂ ਆਪਣਾ ਸਰਬਉੱਤਮ ਦੇਣ ਤੋਂ
> ਅਤੇ ਉਸ ਦੇ ਲਈ ਪੂਰੀ ਤਰ੍ਹਾਂ ਜਿਉਣ ਤੋਂ ਘੱਟ ਕੁਝ ਵੀ ਕਿਵੇਂ ਕਰ ਸਕਦਾ ਹਾਂ,
> ਜਦੋਂ ਉਸ ਨੇ ਮੇਰੇ ਲਈ ਇੰਨਾ ਕੁਝ ਕਰ ਦਿੱਤਾ ਹੈ। - ਬੈੱਟੀ ਦਾਸਵੰਦ

ਜੇਕਰ ਇਹ ਸੱਚ ਹੈ ਕਿ ਮਸੀਹ ਨੇ ਆਪਣਾ ਲਹੂ ਦੇ ਕੇ ਮੈਨੂੰ ਖਰੀਦਿਆ ਹੈ, ਤਾਂ ਇਹ ਸਪਸ਼ਟ ਹੀ ਹੈ ਕਿ ਮੇਰਾ ਹੁਣ ਆਪਣੇ ਉੱਤੇ ਕੋਈ ਇਖਤਿਆਰ ਨਹੀਂ ਰਹਿ ਗਿਆ ਹੈ, ਸਗੋਂ ਹੁਣ ਮੈਂ ਉਸ ਦਾ ਹੋ ਗਿਆ ਹਾਂ। ਰਸੂਲ ਪੌਲੁਸ ਨੇ ਇਹ ਆਖਦਿਆਂ ਇਹੋ ਤਰਕ ਪੇਸ਼ ਕੀਤਾ:

> ਮਸੀਹ ਦਾ ਪ੍ਰੇਮ ਸਾਨੂੰ ਮਜਬੂਰ ਕਰ ਲੈਂਦਾ ਹੈ ਕਿਉਂ ਜੋ ਅਸੀਂ ਇਹ ਵਿਚਾਰ ਕਰਦੇ ਹਾਂ ਭਈ ਇਕ ਸਭਨਾਂ ਦੇ ਲਈ ਮੋਇਆ ਇਸੇ ਕਰਕੇ ਸੱਭੇ ਮੋਏ, ਅਤੇ ਉਹ ਸਭਨਾਂ ਦੇ ਲਈ ਮੋਇਆ ਭਈ ਜਿਹੜੇ ਜਿਉਂਦੇ ਹਨ ਓਹ ਅਗਾਹਾਂ ਨੂੰ ਆਪਣੇ ਲਈ ਨਹੀਂ ਸਗੋਂ ਉਹ ਦੇ ਲਈ ਜਿਉਣ ਜਿਹੜਾ ਉਨ੍ਹਾਂ ਦੇ ਲਈ ਮੋਇਆ ਅਤੇ ਫਿਰ ਜੀ ਉੱਠਿਆ (2 ਕੁਰਿੰਥੀਆਂ 5:14,15)।

ਅਗਾਹਾਂ ਨੂੰ ਆਪਣੇ ਲਈ ਨਹੀਂ ਸਗੋਂ ਉਹ ਦੇ ਲਈ! ਸੀ. ਟੀ. ਸਟੱਡ ਨੂੰ ਹੋਰ ਕੋਈ ਸਿੱਟਾ ਨਜ਼ਰ ਨਹੀਂ ਆਇਆ:

> ਮੈਂ ਜਾਣਦਾ ਸਾਂ ਕਿ ਯਿਸੂ ਮੇਰੇ ਲਈ ਮੋਇਆ, ਪਰ ਮੈਂ ਇਹ ਕਦੇ ਵੀ ਨਹੀਂ ਸੀ ਸਮਝ ਸਕਿਆ ਕਿ ਜੇਕਰ ਉਹ ਮੇਰੇ ਲਈ ਮੋਇਆ ਤਾਂ ਹੁਣ ਮੈਂ ਆਪਣਾ ਨਹੀਂ ਰਹਿ ਗਿਆ ਹਾਂ। ਛੁਟਕਾਰੇ ਦਾ ਅਰਥ ਹੈ ਮੁੜ ਖਰੀਦਣਾ, ਸੋ ਜੇਕਰ ਮੈਂ ਹੁਣ ਉਸ ਦਾ ਹਾਂ, ਤਾਂ ਜਾਂ ਤਾਂ ਮੈਂ ਹੁਣ ਚੋਰ ਬਣ ਜਾਂਵਾਂ ਅਤੇ ਜੋ ਕੁਝ ਮੇਰਾ ਨਹੀਂ ਹੈ ਉਸ ਨੂੰ ਆਪਣੇ ਕੋਲ ਰੱਖ ਲਵਾਂ ਜਾਂ ਫਿਰ ਆਪਣਾ ਸਭਕੁਝ ਪਰਮੇਸ਼ਰ ਨੂੰ ਦੇ

> ਦੇਵਾਂ। ਜਦੋਂ ਮੈਂ ਇਹ ਸਿਆਣ ਲਿਆ ਕਿ ਯਿਸੂ ਮਸੀਹ ਮੇਰੀ ਖਾਤਰ ਮੋਇਆ, ਤਾਂ ਫਿਰ ਆਪਣਾ ਸਭਕੁਝ ਉਸ ਦੇ ਚਰਨੀਂ ਧਰ ਦੇਣਾ ਮੈਨੂੰ ਬਿਲਕੁਲ ਵੀ ਔਖਾ ਨਹੀਂ ਲੱਗਿਆ।[1]

ਆਈਜ਼ਕ ਵਾਟਸ ਨੇ ਇਨ੍ਹਾਂ ਪ੍ਰਸਿੱਧ ਪਰ ਬਹੁਤ ਘੱਟ ਵਰਤੋਂ ਵਿਚ ਲਿਆਈਆਂ ਜਾਣ ਵਾਲੀਆਂ ਲਾਈਨਾਂ ਦਾ ਉਚਿਤ ਤਰਕ ਫੜ ਲਿਆ:

> ਜੇਕਰ ਮੈਂ ਸਾਰੀ ਕਾਇਨਾਤ ਦਾ ਮਾਲਕ ਹੁੰਦਾ ਅਤੇ ਇਸ ਨੂੰ ਭੇਂਟ ਵੱਜੋਂ ਪ੍ਰਭੂ ਦੇ ਚਰਨੀਂ ਅਰਪਤ ਕਰਦਾ, ਤਾਂ ਵੀ ਇਹ ਭੇਂਟ ਬਹੁਤ ਛੋਟੀ ਹੁੰਦੀ; ਉਸ ਦਾ ਪ੍ਰੇਮ ਇੰਨਾ ਅਦਭੁਤ ਹੈ, ਇੰਨਾ ਰੱਬੀ ਹੈ ਕਿ ਇਹ ਮੇਰੀ ਜਾਨ ਦੀ, ਮੇਰੀ ਜਿੰਦ ਦੀ ਅਤੇ ਮੇਰੇ ਸਰਬੰਸ ਦੀ ਮੰਗ ਕਰਦਾ ਹੈ।

ਕਾਉਂਟ ਜ਼ਿਨਜ਼ੇਨਡੋਰਫ਼ ਨੇ ਆਖਿਆ, "ਮੈਨੂੰ ਲਗਦਾ ਹੈ ਕਿ ਜੇਕਰ ਮੈਂ ਆਪਣੀ ਸਭ ਤੋਂ ਪਿਆਰੀ ਵਸਤੂ ਆਪਣੇ ਮੁਕਤੀਦਾਤਾ ਨੂੰ ਨਹੀਂ ਦਿੰਦਾ ਤਾਂ ਮੈਂ ਆਪਣੇ ਉਸ ਦੇ ਯੋਗ ਹੋ ਹੀ ਨਹੀਂ ਸਕਦਾ।"

ਅਤੇ ਯੁਗਾਂਡਾ ਦੇ ਪਿਲਕਿੰਗਟਨ ਨੂੰ ਇਹ ਕਹਿਣਾ ਹੀ ਪਿਆ, "ਜੇਕਰ ਉਸ ਰਾਜਾ ਹੈ, ਤਾਂ ਮੇਰੇ ਸਰਬੰਸ ਉੱਤੇ ਉਸੇ ਦਾ ਇਖਤਿਆਰ ਹੈ।"

ਕੁਝ ਵਰ੍ਹੇ ਪਹਿਲਾਂ ਇਕ ਮਿਸ਼ਨਰੀ ਸ੍ਰੀਮਾਨ ਟੀ. ਈ. ਵਿਲਸਨ ਨੇ ਅੰਗੋਲਾ ਦੇ ਸਥਾਨਕ ਲੋਕਾਂ ਦੇ ਇਕ ਸਮੂਹ ਵਿਚ ਪ੍ਰਚਾਰ ਕਰਦਿਆਂ ਗੌਰ ਕੀਤਾ ਕਿ ਸਰੋਤਿਆਂ ਵਿਚਕਾਰ ਇਕ ਲੰਮਾਂ-ਚੌੜਾ ਗਠੀਲਾ ਵਿਅਕਤੀ ਹੈ ਅਤੇ ਉਸ ਦੇ ਨਾਲ ਇਕ ਘਬਰਾਇਆ ਹੋਇਆ ਲੜਕਾ ਖੜ੍ਹਾ-ਖੜ੍ਹਾ ਕੰਬੀ ਜਾ ਰਿਹਾ ਹੈ। ਜਦੋਂ ਵੀ ਇਹ ਵਿਅਕਤੀ ਮਾੜਾ ਜਿਹਾ ਵੀ ਹਿਲਦਾ ਇਹ ਲੜਕਾ ਡਰ ਨਾਲ ਹੋਰ ਵੀ ਸਹਿਮ ਜਾਂਦਾ। ਸਭਾ ਸਮਾਪਤ ਹੋਣ ਤੋਂ ਬਾਦ ਪ੍ਰਚਾਰਕ ਨੂੰ ਪਤਾ ਲੱਗਾ ਕਿ ਉਹ ਦੋਵੇਂ ਇਕ ਪ੍ਰਾਚੀਨ ਪ੍ਰਥਾ ਦੇ ਹਿੱਸੇ ਸਨ, ਉਹ ਵਿਅਕਤੀ ਮਾਲਕ ਸੀ ਅਤੇ ਉਹ ਲੜਕਾ ਗੁਲਾਮ। ਪ੍ਰਚਾਰਕ ਨੇ ਤੁਰੰਤ ਉਸ ਲੜਕੇ ਨੂੰ ਖਰੀਦਣ ਲਈ ਸੌਦਾ ਸ਼ੁਰੂ ਕੀਤਾ। ਮਾਲਕ ਬਹੁਤ ਜ਼ਿਆਦਾ ਕੀਮਤ 'ਤੇ ਅੜ ਗਿਆ ਅਤੇ ਜਦੋਂ ਉਸ ਨੂੰ ਉਸ ਦੀ ਮੂੰਹੋਂ ਮੰਗੀ ਕੀਮਤ ਮਿਲ ਗਈ ਤਾਂ ਉਸ ਨੇ ਉਹ ਲੜਕਾ ਇਸ ਪ੍ਰਚਾਰਕ ਨੂੰ ਵੇਚ ਦਿੱਤਾ।

ਜਦੋਂ ਇਹ ਮਸੀਹੀ ਪ੍ਰਚਾਰਕ ਇਸ ਲੜਕੇ ਨੂੰ ਖਰੀਦ ਕੇ ਆਪਣੇ ਘਰ ਵਾਪਸ ਜਾ ਰਿਹਾ ਸੀ, ਉਸ ਨੇ ਵੇਖਿਆ ਕਿ ਇਹ ਲੜਕਾ ਇਸ ਤੋਂ ਵੀ ਉਂਨਾ ਹੀ ਡਰ ਰਿਹਾ ਸੀ ਜਿੰਨਾ ਆਪਣੇ ਪੁਰਾਣੇ ਮਾਲਕ ਤੋਂ ਡਰਦਾ ਸੀ। ਸੋ ਜਦੋਂ ਉਹ ਘਰ ਪੁੱਜੇ ਤਾਂ ਉਸ ਨੇ ਉਸ ਲੜਕੇ ਨੂੰ ਬੈਠਾ ਕਿ ਕਿਹਾ, "ਬੇਟਾ, ਅੱਜ ਮੈਂ ਤੈਨੂੰ ਖਰੀਦਿਆ ਹੈ, ਅਤੇ ਹੁਣ ਤੂੰ ਮੇਰਾ ਹੈਂ। ਪਰ ਹੁਣ ਤੋਂ ਤੂੰ ਅਜ਼ਾਦ ਹੈਂ ਅਤੇ ਜੋ ਚਾਹੇ ਜਰ ਸਕਦਾ ਹੈਂ। ਤੂੰ ਵਾਪਸ ਜੰਗਲ ਵਿਚ ਜਾ ਕੇ ਆਪਣੇ ਲੋਕਾਂ ਨਾਲ ਜੀ ਸਕਦਾ ਹੈਂ, ਜਾਂ ਮੇਰੇ ਘਰ ਰਹਿ ਕੇ ਮੇਰੇ ਪਰਿਵਾਰ ਦਾ ਹਿੱਸਾ ਬਣ ਸਕਦਾ ਹੈਂ।"

---

1. Quoted by H. A. Evan Hopkins, HENCEFORTH (London: The Inter-Varsity Fellowship, 1954), p. 23.

ਜਿਵੇਂ ਹੀ ਉਸ ਲੜਕੇ ਦੀ ਸਮਝ ਵਿਚ ਆ ਗਿਆ ਕਿ ਉਹ ਮਿਸ਼ਨਰੀ ਦੇ ਕਹਿਣ ਦਾ ਅਰਥ ਕੀ ਸੀ, ਉਸ ਨੇ ਉਸ ਦੀਆਂ ਅੱਖਾਂ ਵਿਚ ਆਪਣੀਆਂ ਹੰਝੂਆਂ ਨਾਲ ਭਰੀਆਂ ਅੱਖਾਂ ਪਾ ਕੇ ਆਖਿਆ, "ਸ੍ਰੀਮਾਨ ਵਿਲਸਨ, ਮੈਂ ਹਮੇਸ਼ਾ ਲਈ ਤੁਹਾਡਾ ਗੁਲਾਮ ਬਣ ਕੇ ਰਹਾਂਗਾ।"

ਉਹ ਇਸ ਤੋਂ ਵਧੀਆ ਅਤੇ ਢੁਕਵਾਂ ਜਵਾਬ ਹੋਰ ਕੀ ਦੇ ਸਕਦਾ ਸੀ? ਇਸੇ ਤਰਜ 'ਤੇ ਅਸੀਂ ਵੀ ਇਹ ਆਖ ਸਕਦੇ ਹਾਂ, "ਪ੍ਰਭੂ ਯਿਸੂ, ਮੈਂ ਹਮੇਸ਼ਾ ਲਈ ਤੇਰਾ ਗੁਲਾਮ ਰਹਾਂਗਾ। ਮੇਰੇ ਹੱਥ, ਪੈਰ, ਅਵਾਜ਼, ਬੁੱਧ—ਸਭਕੁਝ ਤੇਰਾ ਹੀ ਹੈ। ਤੂੰ ਮੇਰੀ ਖਾਤਰ ਆਪਣਾ ਲਹੂ ਵਹਾਇਆ ਅਤੇ ਆਪਣੀ ਜਾਨ ਦੇ ਦਿੱਤੀ; ਹੁਣ ਮੈਂ ਤੇਰੇ ਲਈ ਹੀ ਜੀਵਾਂਗਾ।"

ਪਰਮੇਸ਼ਰ ਦੀ ਦਯਾ ਸਾਨੂੰ ਮਜਬੂਰ ਕਰ ਦਿੰਦੀ ਹੈ ਕਿ ਅਸੀਂ ਉਸ ਨੂੰ ਆਪਣੀ ਸੰਪੂਰਣ ਜ਼ਿੰਦਗੀ ਤੋਂ ਘੱਟ ਕੁਝ ਵੀ ਨਾ ਦੇਈਏ (ਰੋਮੀਆਂ 12:1,2)।

## ਤੁਹਾਡਾ ਗੁਆਂਢੀ

ਪਰ ਸਾਡਾ ਇਕ ਫ਼ਰਜ਼ ਹੋਰ ਵੀ ਹੈ, ਅਤੇ ਉਹ ਹੈ ਸਾਡੇ ਸੰਗੀ ਵਸਨੀਕਾਂ ਦੇ ਪ੍ਰਤੀ। ਮਸੀਹਤ ਬੁਨਿਆਦੀ ਤੌਰ 'ਤੇ ਨਿਰਸੁਆਰਥ ਹੈ। ਇਹ ਸਾਨੂੰ ਯੂਨਾਨੀਆਂ ਅਤੇ ਓਪਰਿਆਂ ਦਾ, ਬੁੱਧੀਵਾਨਾਂ ਅਤੇ ਨਿਰਬੁੱਧਾਂ ਦਾ ਕਰਜ਼ਦਾਰ ਬਣਾ ਦਿੰਦੀ ਹੈ (ਰੋਮੀਆਂ 1:14)। ਇਹ ਆਤਮਾਵਾਂ ਨੂੰ ਬਚਾਉਣ ਦੇ ਜਨੂੰਨ ਨਾਲ ਭਰੀ ਰਹਿੰਦੀ ਹੈ, ਮਜਬੂਰੀ ਦੀ ਇਕ ਅਜੀਬੋ-ਗਰੀਬ ਭਾਵਨਾ ਪੈਦਾ ਕਰਦੀ ਹੈ, "ਹਮਸੋਸ ਹੈ ਮੇਰੇ ਉੱਤੇ ਜੇਕਰ ਮੈਂ ਖ਼ੁਸ਼ਖਬਰੀ ਨਾ ਸੁਣਾਵਾਂ" (1 ਕੁਰਿੰਥੀਆਂ 9:16)।

ਇਸ ਕਰਕੇ ਇਨ੍ਹਾਂ ਗੱਲਾਂ 'ਤੇ ਗੌਰ ਕੀਤੇ ਬਿਨਾਂ ਉਤਸੁਕ ਮਸੀਹੀ ਆਪਣੇ ਜੀਵਨ ਦੀਆਂ ਯੋਜਨਾਵਾਂ ਨਹੀਂ ਬਣਾ ਸਕਦੇ:

1. ਸਾਡੇ ਆਲੇ-ਦੁਆਲੇ ਦਾ ਸੰਸਾਰ ਨਾਸ ਹੋ ਰਿਹਾ ਹੈ।

   ਹਰੇਕ ਦਿਨ ਲੱਖਾਂ ਆਤਮਾਵਾਂ ਮਸੀਹ ਤੋਂ ਬਿਨਾਂ ਸਰਬਨਾਸ ਵਿਚ ਲੰਘਦੀਆਂ ਜਾ ਰਹੀਆਂ।

2. ਸਵਰਗ ਦੇ ਅਤੁੱਲ ਅਨੰਦ ਮੁਕਤੀ ਪ੍ਰਾਪਤ ਲੋਕਾਂ ਦੀ ਉਡੀਕ ਕਰ ਰਹੇ ਹਨ, ਪਰ ਜਿਹੜੇ ਲੋਕ ਮਸੀਹ ਤੋਂ ਜੁਦਾ ਹੀ ਮਰ ਜਾਂਦੇ ਹਨ ਉਨ੍ਹਾਂ ਦੇ ਅੰਤਹੀਣ ਹਿੱਸੇ ਵਿਚ ਨਰਕ ਦੇ ਅਕੱਥ ਦੁਖ ਆਉਣਗੇ। ਹਰੇਕ ਮਸੀਹੀ ਨੂੰ ਸ਼ਾਂਤ ਰਹਿ ਕੇ ਕੁਝ ਦੇਰ ਲਈ ਨਰਕ, ਇਸ ਦੀ ਅੰਤਹੀਣਤਾ, ਇਸ ਦੇ ਸੰਤਾਪ, ਇਸ ਦੇ ਹਨੇਰੇ ਅਤੇ ਇਸ ਦੇ ਅੱਤਿਆਚਾਰ ਬਾਰੇ ਸੋਚਣਾ ਚਾਹੀਦਾ ਹੈ। ਉਨ੍ਹਾਂ ਨੂੰ ਉਨ੍ਹਾਂ ਰਿਸ਼ਤੇਦਾਰਾਂ, ਮਿੱਤਰਾਂ, ਗੁਆਂਢੀਆਂ ਅਤੇ ਲੋਕਾਂ ਬਾਰੇ ਸੋਚਣਾ ਚਾਹੀਦਾ ਹੈ ਜਿਹੜੇ ਛੇਤੀ ਹੀ ਉਸ ਵਿਚ ਚਲੇ ਜਾਣਗੇ। ਉਨ੍ਹਾਂ ਨੂੰ ਇਸ ਬਾਰੇ ਇੰਨਾ ਕੁ ਸੋਚਣਾ ਚਾਹੀਦਾ ਹੈ ਕਿ ਉਹ ਦੁਬਾਰਾ ਇਕ ਨਾਮਧਾਰੀ, ਆਮ ਅਤੇ ਲਾਪਰਵਾਹ ਮਸੀਹੀ ਜੀਵਨ ਨਾ ਜੀ ਸਕਣ।

3. ਜੇਕਰ ਖੁਸ਼ਖਬਰੀ ਸੱਚੀ ਨਹੀਂ ਹੈ ਤਾਂ ਇਸ ਨੂੰ ਪੂਰੀ ਤਰ੍ਹਾਂ ਛੱਡ ਦਿੱਤਾ ਜਾਣਾ ਚਾਹੀਦਾ ਹੈ, ਪਰ ਜੇਕਰ ਇਹ ਸੱਚੀ ਹੈ ਤਾਂ ਇਸ ਦੀ ਮੁਨਾਦੀ ਦੁਨੀਆ ਦੇ ਕੋਨੇ-ਕੋਨੇ ਵਿਚ ਕੀਤੀ ਜਾਣੀ ਚਾਹੀਦੀ ਹੈ। ਕੈਂਸਰ ਦਾ ਇਲਾਜ ਜਾਣ ਲੈਣ ਦੇ ਬਾਵਜੂਦ ਸੁਆਰਥ ਦੇ ਕਾਰਨ ਇਸ ਨੂੰ ਕੇਵਲ ਆਪਣੇ ਕੋਲ ਹੀ ਰੱਖ ਛੱਡਣਾ ਹੱਤਿਆ ਨਾਲੋਂ ਘੱਟ ਨਹੀਂ ਹੈ। ਇਸੇ ਤਰ੍ਹਾਂ ਆਤਮਾ ਦਾ ਇਲਾਜ ਜਾਣ ਲੈਣ ਮਗਰੋਂ ਇਸ ਨੂੰ ਦੂਜਿਆਂ ਤਕ ਨਾ ਪੁਜਾਣਾ ਆਤਮਾ ਦੀ ਹੱਤਿਆ ਹੈ।

> ਕੀ ਅਸੀਂ, ਜਿਨ੍ਹਾਂ ਦੀ ਆਤਮਾ ਵਿਚ ਸਵਰਗੀ ਬੁੱਧੀ ਦਾ ਚਾਨਣ ਆ ਚੁੱਕਿਆ ਹੈ, ਕੀ ਅਸੀਂ ਹੁਣ ਹਨੇਰੇ ਵਿਚ ਗੁਆਚੇ ਰਹੀਏ, ਜੀਵਨ ਦੇ ਦੀਵੇ ਤੋਂ ਬੇਮੁੱਖ ਹੋ ਜਾਈਏ?

4. ਮਨੁੱਖਜਾਤੀ ਦੀ ਇਸ ਪੀੜ੍ਹੀ ਕੋਲ ਮਸੀਹੀਆਂ ਦੀ ਕੇਵਲ ਇਹੋ ਪੀੜ੍ਹੀ ਹੀ ਖੁਸ਼ਖਬਰੀ ਲਿਜਾ ਸਕਦੀ ਹੈ। ਸਾਡੇ ਇਸ ਫ਼ਰਜ਼ ਨੂੰ ਦੂਜਿਆਂ ਦੇ ਮੋਢਿਆਂ ਉੱਤੇ ਨਹੀਂ ਲੱਦਿਆ ਜਾ ਸਕਦਾ।
5. ਅਸੀਂ ਮਹਾਨ ਆਦੇਸ਼ (ਮੱਤੀ 28:19,20) ਨਾਲ ਜੋ ਕੁਝ ਕੀਤਾ, ਉਸ ਦੇ ਜਵਾਬਦਾਰ ਸਾਨੂੰ ਹੀ ਠਹਿਰਾਇਆ ਜਾਵੇਗਾ। ਕਿਤੇ ਇਹ ਨਾ ਹੋਵੇ ਕਿ ਸਾਨੂੰ ਸਦੀਪਕਤਾ ਵਿਚ ਇਨ੍ਹਾਂ ਗੁਆਚੀਆਂ ਹੋਈਆਂ ਆਤਮਾਵਾਂ ਦੇ ਲਹੂ ਨਾਲ ਲਿਬੜੇ ਕਪੜੇ ਪਾ ਕੇ ਜਾਣਾ ਪਵੇ!
6. ਜਿਹੜੇ ਵੀ ਵਿਅਕਤੀ ਨੂੰ ਅਸੀਂ ਮਿਲਦੇ ਹਾਂ ਉਹ ਸਾਡੇ ਮੁਕਤੀਦਾਤਾ ਦੇ ਮੁਕਟ ਦਾ ਇਕ ਭਾਵੀ ਨਗੀਨਾ ਹੈ। ਇਸ ਲਈ ਜ਼ਰੂਰੀ ਹੈ ਕਿ ਅਸੀਂ ਉਸ ਦੀ ਖਾਤਰ ਉਨ੍ਹਾਂ ਨੂੰ ਪ੍ਰੇਮ ਕਰੀਏ। ਜ਼ਰੂਰੀ ਹੈ ਕਿ ਅਸੀਂ ਇਨ੍ਹਾਂ ਤੱਥਾਂ ਦਾ ਸਾਹਮਣਾ ਸਿੱਧੇ-ਸਿੱਧੇ ਅਤੇ ਬਹਾਦਰੀ ਨਾਲ ਕਰੀਏ, ਅਤੇ ਜਦੋਂ ਤਕ ਅਸੀਂ ਅਜਿਹਾ ਨਹੀਂ ਕਰਾਂਗੇ ਉਦੋਂ ਤਕ ਅਸੀਂ ਆਪਣੀ ਜ਼ਿੰਦਗੀ ਦੇ ਇਸ ਰਾਹ ਤੋਂ ਕੁਰਾਹੇ ਹੀ ਰਹਾਂਗੇ।

## ਤੁਹਾਡਾ ਆਪਣਾ ਆਪ

ਅੰਤ ਵਿਚ, ਸਾਡੇ ਜੀਵਨ ਦੀਆਂ ਯੋਜਨਾਵਾਂ ਸਾਡੀ ਸਰਬਉੱਤਮ ਗਰਜ਼ ਨੂੰ ਧਿਆਨ ਵਿਚ ਰੱਖਦਿਆਂ ਬਣਾਈਆਂ ਜਾਣੀਆਂ ਚਾਹੀਦੀਆਂ ਹਨ। ਪਹਿਲੀ ਨਜ਼ਰ ਵਿਚ ਤਾਂ ਇਹ ਪੂਰੀ ਤਰ੍ਹਾਂ ਸੁਆਰਥੀ ਗੱਲ ਜਾਪਦੀ ਹੈ, ਪਰ ਅਜਿਹਾ ਨਹੀਂ ਹੈ, ਕਿਉਂਕਿ ਪਰਮੇਸ਼ਰ ਚਾਹੁੰਦਾ ਹੈ ਕਿ ਸਾਡੇ ਕੋਲ ਸਰਬਉੱਤਮ ਹੋਵੇ ਅਤੇ ਉਹ ਸਾਡੇ ਲਈ ਅਜਿਹੀ ਜ਼ਿੰਦਗੀ ਦੀ ਉਮੀਦ ਕਰਦਾ ਹੈ ਜਿਸ ਦੇ ਰਾਹੀਂ ਅਸੀਂ ਉਹ ਸਭ ਪ੍ਰਾਪਤ ਕਰ ਸਕੀਏ ਜੋ ਉਸ ਦੀ ਪ੍ਰੇਮੀ ਯੋਜਨਾ ਵਿਚ ਸਾਡੇ ਲਈ ਤਿਆਰ ਕੀਤਾ ਗਿਆ ਹੈ।

ਮੈਂ ਇਸ ਜੀਵਨ ਅਤੇ ਆਉਣ ਵਾਲੇ ਜੀਵਨ, ਦੋਹਾਂ ਲਈ ਆਪਣੀ ਸਰਬਉੱਤਮ ਗਰਜ਼ ਨੂੰ ਕਿਵੇਂ ਪ੍ਰਾਪਤ ਕਰ ਸਕਦਾ ਹਾਂ? ਨੌਜਵਾਨ ਮਸੀਹੀ ਹੇਠ ਲਿਖੀਆਂ ਗੱਲਾਂ ਉੱਤੇ ਗਹਿਰਾਈ ਨਾਲ ਵਿਚਾਰ ਕਰਨ:

1. ਇਹ ਸੰਭਵ ਹੈ ਕਿ ਤੁਹਾਡਾ ਪ੍ਰਾਣ ਬਚ ਜਾਵੇ ਪਰ ਤੁਹਾਡੀ ਜਾਨ ਚਲੀ ਜਾਵੇ।
2. ਇਹ ਜ਼ਿੰਦਗੀ ਇਥੇ ਹੀ ਸਮਾਪਤ ਨਹੀਂ ਹੋ ਜਾਂਦੀ ਹੈ, ਸਗੋਂ ਇਹ ਤਾਂ ਸਦੀਪਕਤਾ ਲਈ ਨਿਵੇਸ਼ ਕਰਨ ਦਾ ਸਮਾਂ ਹੈ। "ਇਹ ਜ਼ਿੰਦਗੀ ਰਾਜ ਕਰਨ ਦੇ ਸਮੇਂ ਲਈ ਸਿਖਲਾਈ ਦਾ ਸਮਾਂ ਹੈ।"
3. ਇਹ ਸੰਭਵ ਹੈ ਕਿ ਇਸ ਵੇਲੇ ਤੁਸੀਂ ਆਪਣੀ ਜ਼ਿੰਦਗੀ ਨੂੰ ਇਸ ਤਰ੍ਹਾਂ ਵਿਵਸਥਿਤ ਕਰ ਲਓ ਤਾਂ ਜੋ ਤੁਸੀਂ ਮਰਨ ਤੋਂ ਬਾਦ ਵੀ ਕੰਮ ਕਰਦੇ ਰਹਿ ਸਕੋ। ਐਫ਼. ਡਬਲਿਯੂ. ਬੋਰਹਮ ਨੇ ਇਸ ਤਰ੍ਹਾਂ ਆਖਿਆ, "ਇਹ ਹਰੇਕ ਮਨੁੱਖ ਦਾ ਫ਼ਰਜ਼ ਹੈ ਕਿ ਉਹ ਆਪਣੇ ਲਈ ਇਕ ਅਜਿਹੇ ਕੰਮ ਦਾ ਇੰਤਜ਼ਾਮ ਕਰੇ ਜਿਹੜਾ ਉਹ ਕਬਰ ਵਿਚ ਲੇਟਿਆਂ ਹੋਇਆਂ ਵੀ ਕਰਦਾ ਰਹਿ ਸਕੇ।"
4. ਇਕ ਦਿਨ ਅਸੀਂ ਮਸੀਹ ਦੇ ਨਿਆਂ ਸਿੰਘਾਸਣ ਦੇ ਸਾਹਮਣੇ ਖੜ੍ਹੇ ਹੋਵਾਂਗੇ! ਉਸ ਵੇਲੇ ਕੀ ਮਾਅਨੇ ਰੱਖੇਗਾ? ਕੇਵਲ ਅਜਿਹੀ ਜ਼ਿੰਦਗੀ ਜਿਹੜੀ ਪਰਮੇਸ਼ਰ ਦੇ ਲਈ ਬਿਤਾਈ ਗਈ ਹੈ।
5. ਇਸ ਸੰਭਾਵਨਾ ਦਾ ਵੀ ਅੰਦੇਸ਼ਾ ਹੈ ਕਿ ਉਸ ਦਿਨ ਅਸੀਂ ਖਾਲੀ ਹੱਥ ਰਹਿ ਜਾਈਏ।
   ਕੀ ਮੈਂ ਖਾਲੀ ਹੱਥ ਜਾਵਾਂ,

   ਅਤੇ ਆਪਣੇ ਮੁਕਤੀਦਾਤਾ ਨੂੰ ਮਿਲਾਂ,
   ਇਕ ਦਿਨ ਦੀ ਸੇਵਾ ਵੀ ਉਸ ਨੂੰ ਨਾ ਦੇਵਾਂ,
   ਕੋਈ ਪੁਰਸਕਾਰ ਉਸ ਦੇ ਚਰਨੀਂ ਨਾ ਰੱਖਾਂ?
   ਕੀ ਮੈਂ ਖਾਲੀ ਹੱਥ ਜਾਵਾਂ,
   ਆਪਣੇ ਮੁਕਤੀਦਾਤਾ ਨੂੰ ਇਵੇਂ ਮਿਲਾਂ?
   ਉਸ ਨੂੰ ਮਿਲਣ 'ਤੇ ਇਕ ਵੀ ਆਤਮਾ ਉਸ ਨੂੰ ਨਾ ਦੇਵਾਂ,
   ਕੀ ਮੈਂ ਖਾਲੀ ਹੱਥ ਜਾਵਾਂ? — ਸੀ. ਸੀ. ਲੂਥਰ
6. ਜੇਕਰ ਉਸ ਨੇ ਇਹ ਨਾ ਆਖਿਆ, "ਚੰਗੇ ਅਤੇ ਮਾਤਬਰ ਚਾਕਰ ਸ਼ਾਬਾਸ਼ੇ!" ਤਾਂ ਇਸ ਦੀ ਭਰਪਾਈ ਕਿਸੇ ਵੀ ਤਰੀਕੇ ਨਹੀਂ ਕੀਤੀ ਜਾ ਸਕੇਗੀ।

   ਇਸ ਤੋਂ ਵੱਡਾ ਨੁਕਸਾਨ ਹੋਰ ਕੀ ਹੋ ਸਕਦਾ ਹੈ ਕਿ ਪਰਮੇਸ਼ਰ ਨੂੰ ਖੋਜਦਾ ਹੋਇਆ ਕੋਈ ਵਿਅਕਤੀ ਸਾਡੇ ਕੋਲ ਦੀ ਲੰਘੇ ਅਤੇ ਅਸੀਂ ਆਪਣੇ ਹੀ ਕੰਮਾਂ ਵਿਚ ਰੁੱਝੇ ਰਹੀਏ। ਫਿਰ ਜਦੋਂ ਦਿਨ ਢਲ ਜਾਵੇਗਾ, ਆਥਣ ਵੇਲੇ ਸਭਕੁਝ ਮੁੜ ਸਾਹਮਣੇ ਆਵੇਗਾ, ਅਤੇ ਸਾਨੂੰ ਛੁਡਾਉਣ ਵਾਲਾ ਸਾਡਾ ਮੁਕਤੀਦਾਤਾ ਉਸ ਸੜਕ ਉੱਤੇ ਖੜ੍ਹਾ ਦਿਖਾਈ ਦੇਵੇਗਾ, ਇਹ ਉਡੀਕਦਾ ਹੋਇਆ ਕਿ ਕੋਈ ਤਾਂ ਉਸ ਵਿਅਕਤੀ ਨੂੰ ਕਹੇ, "ਓਹ ਵੇਖ, ਪਰਮੇਸ਼ਰ ਦਾ ਮੇਮਣਾ, ਜਿਹੜਾ ਇਸ ਸੰਸਾਰ ਦੇ ਪਾਪ ਚੁੱਕ ਲੈ ਗਿਆ ਹੈ।"—ਪਰ ਅਫ਼ਸੋਸ, ਉਸ ਨੂੰ ਇਹ ਦੱਸਣ ਲਈ ਅਸੀਂ ਉਥੇ ਨਹੀਂ ਹੋਵਾਂਗੇ।[1]

---

1. Amy Carmichael, GOLD CORD (London: Society for Promoting Christian Knowledge, 1932), p. 367. Copyright permission granted by Dohnavur Fellowship.

ਛਿਣ ਭਰ ਦਾ ਚਿੰਤਨ ਵੀ ਇਹ ਪ੍ਰਗਟ ਕਰਨ ਲਈ ਕਾਫ਼ੀ ਹੈ ਕਿ ਇਸ ਜੀਵਨ ਅਤੇ ਸਦੀਪਕਤਾ, ਦੋਹਾਂ ਲਈ ਸਾਡੀ ਸਰਬਉੱਤਮ ਗਰਜ਼ ਉਦੋਂ ਪੂਰੀ ਹੁੰਦੀ ਹੈ ਜਦੋਂ ਅਸੀਂ ਪਰਮੇਸ਼ਰ ਦੀ ਇੱਛਾ ਦੇ ਕੇਂਦਰ ਵਿਚ ਰਹਿੰਦੇ ਹਾਂ।

ਤਾਂ ਕੀ ਅਸੀਂ ਜ਼ਰਾ ਰੁਕੀਏ ਅਤੇ ਆਪਣੀਆਂ ਉੱਚੀਆਂ ਤਾਂਘਾਂ ਦੀ ਜਾਂਚ ਕਰਦਿਆਂ ਆਪਣੇ ਆਪ ਤੋਂ ਪੁਛੀਏ:

1. ਕੀ ਇਹ ਪਰਮੇਸ਼ਰ ਦੇ ਪ੍ਰਤੀ ਮੇਰੇ ਫ਼ਰਜ਼ ਨੂੰ ਸਿਆਣਦੀਆਂ ਹਨ।
2. ਕੀ ਇਹ ਮੈਨੂੰ ਮੇਰੇ ਸੰਗੀ ਮਨੁੱਖਾਂ ਪ੍ਰਤੀ ਕਰਜ਼ ਤੋਂ ਮੁਕਤ ਕਰਦੀਆਂ ਹਨ।
3. ਕੀ ਇਹ ਇਸ ਜ਼ਿੰਦਗੀ ਅਤੇ ਸਵਰਗ ਵਿਚ ਮੇਰੀ ਸਰਬਉੱਤਮ ਗਰਜ਼ ਨੂੰ ਪੂਰੀਆਂ ਕਰਦੀਆਂ ਹਨ।

ਜੇਕਰ ਇਹ ਇਨ੍ਹਾਂ ਤਿੰਨਾਂ ਸ਼ਰਤਾਂ ਨੂੰ ਪੂਰਿਆਂ ਨਹੀਂ ਕਰਦੀਆਂ ਤਾਂ ਇਹ ਅਯੋਗ ਅਭਿਲਾਸ਼ਾਵਾਂ ਹਨ ਅਤੇ ਇਨ੍ਹਾਂ ਨੂੰ ਖਤਮ ਕਰ ਦਿੱਤਾ ਜਾਣਾ ਚਾਹੀਦਾ ਹੈ।

# ਜ਼ਿੰਦਗੀ ਦੀ ਵੱਡੀ ਵਚਨਬੱਧਤਾ

ਪਿਛਲੇ ਅਧਿਆਏ ਵਿਚ ਅਸੀਂ ਵੇਖਿਆ ਹੈ ਕਿ ਹਰੇਕ ਵਿਸ਼ਵਾਸੀ ਦੇ ਪਰਮੇਸ਼ਰ ਦੇ ਪ੍ਰਤੀ, ਆਪਣੇ ਗੁਆਂਢੀ ਦੇ ਪ੍ਰਤੀ ਅਤੇ ਆਪਣੇ ਆਪ ਦੇ ਪ੍ਰਤੀ ਕੁਝ ਵਿਸ਼ੇਸ਼ ਫ਼ਰਜ਼ ਹਨ: ਪਰਮੇਸ਼ਰ ਦੇ ਪ੍ਰਤੀ ਇਸ ਲਈ ਕਿਉਂਕਿ ਉਹ ਇਸ ਸਰਿਸ਼ਟ ਵਿਚ ਉਸ ਦੇ ਛੁਟਕਾਰੇ ਨੂੰ ਲਿਆ ਰਿਹਾ ਹੈ; ਆਪਣੇ ਗੁਆਂਢੀ ਦੇ ਪ੍ਰਤੀ ਇਸ ਲਈ ਕਿਉਂਕਿ ਮਸੀਹ ਤੋਂ ਬਿਨਾਂ ਉਸ ਸਦਾ ਲਈ ਨਾਸ ਹੋ ਜਾਵੇਗਾ; ਆਪਣੇ ਪ੍ਰਤੀ ਇਸ ਲਈ ਕਿਉਂਕਿ ਇਕ ਦਿਨ ਉਹ ਆਪ ਮਸੀਹ ਦੇ ਨਿਆਂ ਸਿੰਘਾਸਣ ਦੇ ਸਾਹਮਣੇ ਖੜ੍ਹਾ ਹੋਵੇਗਾ ਅਤੇ ਉਸ ਦੇ ਸਾਰੇ ਜੀਵਨ ਦਾ ਲੇਖਾ ਲਿਆ ਜਾਵੇਗਾ।

ਸੋ ਇਕ ਮਸੀਹੀ ਇਨ੍ਹਾਂ ਤਿੰਨਾਂ ਜਿੰਮੇਵਾਰੀਆਂ ਨੂੰ ਸਰਬਉੱਤਮ ਤਰੀਕੇ ਨਾਲ ਕਿਵੇਂ ਪੂਰਾ ਕਰ ਸਕਦਾ ਹੈ? ਜੇਕਰ ਉਹ ਕੇਵਲ ਖੁਦਗਰਜ਼ ਹੋ ਕੇ ਜੀਵੇਗਾ ਤਾਂ ਉਸ ਦੀ ਇਹ ਜ਼ਿੰਦਗੀ ਮੰਦਭਾਗੀ ਹੋ ਜਾਵੇਗੀ ਅਤੇ ਅਗਲੀ ਵਿਚ ਵੀ ਉਹ ਕੰਗਲਾ ਹੋ ਜਾਵੇਗਾ। ਕੀ ਅਜਿਹਾ ਕਰਕੇ ਉਸ ਦੀ ਆਪਣੀ ਸਰਬਉੱਤਮ ਗਰਜ਼ ਪੂਰੀ ਹੋਵੇਗੀ?

ਜੇਕਰ ਉਹ ਆਪਣੇ ਗੁਆਂਢੀ ਦੀ ਉਸਾਰੀ ਲਈ ਜੀਵੇਗਾ, ਪਰ ਖੁਸ਼ਖਬਰੀ ਦਿੱਤੇ ਬਿਨਾਂ, ਤਾਂ ਉਹ ਉਸ ਉੱਤੇ ਅਸਲੀ ਕਿਰਪਾਲਤਾ ਨਹੀਂ ਕਰੇਗਾ, ਕਿਉਂਕਿ ਲੋਕਾਂ ਦੀ ਅਸਲ ਲੋੜ ਮਸੀਹ ਹੈ, ਅਤੇ ਉਸ ਤੋਂ ਬਿਨਾਂ ਉਹ ਸਦਾ ਲਈ ਨਾਸ ਹੋ ਜਾਣਗੇ।

ਪਰ ਜੇਕਰ ਦੂਜੇ ਪਾਸੇ ਉਹ ਆਪਣਾ ਜੀਵਨ ਪੂਰੀ ਤਰ੍ਹਾਂ ਪ੍ਰਭੂ ਨੂੰ ਅਰਪਤ ਕਰ ਦਿੰਦਾ ਹੈ, ਤਾਂ ਉਹ ਗਲਤੀ ਨਹੀਂ ਕਰ ਸਕੇਗਾ, ਕਿਉਂਕਿ ਜਿਹੜਾ ਵਿਅਕਤੀ ਸਭ ਤੋਂ ਵਧ ਪਰਮੇਸ਼ਰ ਨੂੰ ਪ੍ਰੇਮ ਕਰਦਾ ਹੈ ਉਹ ਮਨੁੱਖਜਾਤੀ ਦੀ ਮਦਦ ਕਰਨ ਲਈ ਉਨ੍ਹਾਂ ਕੋਲ ਖੁਸ਼ਖਬਰੀ ਜ਼ਰੂਰ ਲੈ ਕੇ ਜਾਵੇਗਾ, ਅਤੇ ਇਸ ਤਰ੍ਹਾਂ ਉਹ ਆਪਣੀ ਸਰਬਉੱਤਮ ਗਰਜ਼ ਨੂੰ ਪੂਰਾ ਕਰੇਗਾ, ਜਿਸ ਦੇ ਸਦਕਾ ਉਸ ਨੂੰ ਇਸ ਜੀਵਨ ਵਿਚ ਖੁਸ਼ੀ ਮਿਲੇਗੀ ਅਤੇ ਆਉਣ ਵਾਲੇ ਜੀਵਨ ਵਿਚ ਪ੍ਰਤੀਫਲ।

ਇਸ ਲਈ ਇਕ ਸਫਲ ਮਸੀਹੀ ਜੀਵਨ ਦਾ ਗੂੜ੍ਹ ਭੇਤ ਇਹ ਹੈ ਕਿ ਆਪਣਾ ਸਰਬੰਸ ਪਰਮੇਸ਼ਰ ਦੇ ਸਪੁਰਦ ਕਰ ਦਿੱਤਾ ਜਾਵੇ।

ਇਸ ਦਾ ਅਰੰਭ ਇਸ ਖੁਲ੍ਹੇ ਇਕਰਾਰ ਤੋਂ ਹੁੰਦਾ ਹੈ ਕਿ ਅਸੀਂ ਇਹ ਨਹੀਂ ਜਾਣਦੇ ਕਿ ਸਾਡੇ ਜੀਵਨ ਲਈ ਸਰਬਉੱਤਮ ਕੀ ਹੈ। ਜਦੋਂ ਯਿਰਮਿਯਾਹ ਨੇ ਪਰਮੇਸ਼ਰ ਅੱਗੇ

ਬੇਨਤੀ ਕੀਤੀ ਤਾਂ ਉਸ ਨੇ ਇਹ ਰਵੱਈਆ ਬਹੁਤ ਵਧੀਆ ਤਰੀਕੇ ਨਾਲ ਦਰਸ਼ਾਇਆ, "ਹੇ ਯਹੋਵਾਹ, ਮੈਂ ਜਾਣਦਾ ਹਾਂ ਕਿ ਆਦਮੀ ਦਾ ਰਾਹ ਉਹ ਦੇ ਵੱਸ ਵਿਚ ਨਹੀਂ ਹੈ ਏਹ ਮਨੁੱਖ ਦੇ ਵੱਸ ਵਿਚ ਨਹੀਂ ਕਿ ਤੁਰਨ ਲਈ ਆਪਣੇ ਕਦਮਾਂ ਨੂੰ ਕਾਇਮ ਕਰੇ" (ਯਿਰਮਿਯਾਹ 10:23)।

ਇਸ ਤੋਂ ਇਹ ਭਾਵ ਵੀ ਸਾਹਮਣੇ ਆਉਂਦਾ ਹੈ ਕਿ ਪਰਮੇਸ਼ਰ ਦੇ ਕੋਲ ਸਾਡੇ ਜੀਵਨ ਲਈ ਇਕ "ਸਰਬਉੱਤਮ ਯੋਜਨਾ" ਹੈ, ਕਿ ਜੇਕਰ ਅਸੀਂ ਦਿਲੋਂ ਭਾਲੀਏ ਤਾਂ ਸਾਨੂੰ ਉਸ ਦਾ "ਸਰਬਉੱਤਮ" ਮਿਲ ਸਕਦਾ ਹੈ, ਅਤੇ ਜੇਕਰ ਅਸੀਂ ਅਜਿਹਾ ਨਾ ਕਰੀਏ ਤਾਂ ਸਾਨੂੰ ਉਸ ਤੋਂ "ਘੱਟ ਉੱਤਮ" ਜਾਂ "ਹੋਰ ਘੱਟ ਉੱਤਮ" ਜਾਂ "ਕੁਝ ਹੋਰ" ਹੀ ਮਿਲੇਗਾ।

ਤਰਕਸ਼ੀਲ ਪ੍ਰਾਣੀ ਹੋਣ ਦੇ ਕਾਰਨ ਇਸ ਉੱਤੇ ਵਿਸ਼ਵਾਸ ਕਰਦਿਆਂ ਅਸੀਂ ਮਜਬੂਰ ਹੋ ਜਾਂਦੇ ਹਾਂ ਕਿ ਅਸੀਂ ਆਪਣੀ ਜ਼ਿੰਦਗੀ ਦੀ ਸਭ ਤੋਂ ਵੱਡੀ ਵਚਨਬੱਧਤਾ ਕਰੀਏ, ਆਪਣੀ ਜ਼ਿੰਦਗੀ ਉਸ ਦੇ ਸਪੁਰਦ ਕਰ ਦੇਈਏ। ਸਪੁਰਦ ਕਰਨ ਦਾ ਅਰਥ ਇਹ ਹੈ ਕਿ ਅਸੀਂ ਆਪਣਾ ਸੰਪੂਰਨ ਵਜੂਦ—ਆਤਮਾ, ਪ੍ਰਾਣ ਅਤੇ ਸਰੀਰ—ਪ੍ਰਭੂ ਦੇ ਹੱਥਾਂ ਵਿਚ ਦੇ ਦੇਈਏ। ਇਸ ਦਾ ਅਰਥ ਹੈ ਸਾਡੇ ਸਾਰੇ ਅੰਗਾਂ, ਸਾਡੇ ਸੰਪੂਰਨ ਵਜੂਦ ਅਤੇ ਸਾਡੀ ਹਰੇਕ ਵਸਤੂ ਉਸ ਨੂੰ ਅਰਪਤ ਕਰ ਦੇਣਾ! ਇਸ ਦਾ ਅਰਥ ਹੈ ਆਪਣੀ ਇੱਛਾ ਨੂੰ ਸਵੈ-ਇੱਛਾ ਨਾਲ ਉਸ ਦੇ ਅਧੀਨ ਕਰ ਦੇਣਾ! ਇਸ ਦਾ ਅਰਥ ਹੈ ਪਰਮ ਸਮਰਪਣ।

ਬੈੱਟੀ ਸਟੈਮ ਨੇ ਸ਼ਹੀਦੀ ਪ੍ਰਾਪਤ ਕਰਨ ਤੋਂ ਨੌ ਵਰ੍ਹੇ ਪਹਿਲਾਂ ਆਪਣੇ ਜੀਵਨ ਦੀ ਇਕ ਵੱਡੀ ਵਚਨਬੱਧਤਾ ਕੀਤੀ ਸੀ। ਉਸ ਨੇ ਆਪਣੀ ਬਾਈਬਲ ਵਿਚ ਇਹ ਲਿਖਿਆ ਸੀ:

> ਪ੍ਰਭੂ ਮੈਂ ਆਪਣੇ ਮਕਸਦ ਅਤੇ ਆਪਣੀਆਂ ਯੋਜਨਾਵਾਂ, ਆਪਣੀਆਂ ਸਾਰੀਆਂ ਚਾਹਤਾਂ, ਉਮੀਦਾਂ ਅਤੇ ਤਾਂਘਾਂ (ਭਾਵੇਂ ਉਹ ਸਰੀਰਕ ਹੋਣ ਜਾਂ ਜਜ਼ਬਾਤੀ) ਤਿਆਗ ਰਹੀ ਹਾਂ ਅਤੇ ਆਪਣੀ ਜ਼ਿੰਦਗੀ ਲਈ ਤੇਰੀ ਇੱਛਾ ਨੂੰ ਕਬੂਲ ਕਰ ਰਹੀ ਹਾਂ। ਮੈਂ ਆਪਣੇ ਆਪ ਨੂੰ, ਆਪਣੀ ਜ਼ਿੰਦਗੀ ਨੂੰ, ਆਪਣੇ ਸੰਪੂਰਨ ਵਜੂਦ ਨੂੰ ਹਮੇਸ਼ਾ ਵਾਸਤੇ ਤੇਰਾ ਹੋ ਜਾਣ ਲਈ ਦੇ ਰਹੀ ਹਾਂ। ਮੈਂ ਆਪਣੀਆਂ ਸਾਰੀਆਂ ਦੋਸਤੀਆਂ ਨੂੰ ਤੇਰੇ ਹਵਾਲੇ ਕਰ ਰਹੀ ਹਾਂ। ਜਿਨ੍ਹਾਂ ਵੀ ਲੋਕਾਂ ਨੂੰ ਮੈਂ ਪ੍ਰੇਮ ਕਰਦੀ ਹਾਂ ਉਨ੍ਹਾਂ ਨੂੰ ਮੇਰੇ ਦਿਲ ਵਿਚ ਦੂਜਾ ਸਥਾਨ ਹੀ ਮਿਲੇਗਾ। ਮੈਨੂੰ ਆਪਣੇ ਪਵਿੱਤਰ ਆਤਮਾ ਨਾਲ ਭਰ ਦੇ। ਆਪਣੀ ਸੰਪੂਰਨ ਇੱਛਾ ਨੂੰ ਮੇਰੇ ਜੀਵਨ ਵਿਚ ਕਿਸੇ ਵੀ ਕੀਮਤ 'ਤੇ ਪੂਰਾ ਕਰ। ਮੇਰੇ ਲਈ ਜਿਉਣਾ ਮਸੀਹ ਹੈ।[1]

ਯੇਲ ਦਾ ਵਸਨੀਕ ਬੋਰਡਨ ਖੁਸ਼ਖਬਰੀ ਦੇ ਪ੍ਰਚਾਰ ਲਈ ਚੀਨ ਜਾਂਦਿਆਂ ਰਾਹ ਵਿਚ ਮਿਸਰ ਵਿਚ ਰੁਕਿਆ ਸੀ ਜਿਥੇ ਦਿਮਾਗੀ ਬੁਖਾਰ ਦੇ ਕਾਰਨ ਉਸ ਦੀ ਮੌਤ ਹੋ ਗਈ, ਕੁਝ ਵਰ੍ਹੇ ਪਹਿਲਾਂ ਹੀ ਉਸ ਨੇ ਇਹ ਵੱਡੀ ਵਚਨਬੱਧਤਾ ਕੀਤੀ ਸੀ:

---

1. Quoted in WERE THEY EXPENDABLE, by Clay Cooper, published by Brown Gold Publications, Chico, California, p. 3.

> ਪ੍ਰਭੂ ਯਿਸੂ, ਮੈਂ ਆਪਣੀ ਜ਼ਿੰਦਗੀ ਤੋਂ ਆਪਣਾ ਨਿਯੰਤ੍ਰਣ ਪੂਰੀ ਤਰ੍ਹਾਂ ਹਟਾ ਰਿਹਾ ਹਾਂ। ਮੈਂ ਆਪਣੇ ਦਿਲ ਦੇ ਸਿੰਘਾਸਣ ਉੱਤੇ ਤੈਨੂੰ ਬਿਰਾਜਮਾਨ ਕਰ ਰਿਹਾ ਹਾਂ। ਆਪਣੀ ਮਰਜ਼ੀ ਮੁਤਾਬਕ ਮੈਨੂੰ ਬਦਲ, ਸ਼ੁੱਧ ਕਰ ਅਤੇ ਇਸਤੇਮਾਲ ਕਰ। ਮੈਂ ਪਵਿੱਤਰ ਆਤਮਾ ਦੀ ਸਮਰੱਥਾ ਨੂੰ ਕਬੂਲ ਕਰਦਾ ਹਾਂ। ਮੈਂ ਤੇਰਾ ਧੰਨਵਾਦ ਕਰਦਾ ਹਾਂ।[1]

ਇਹ ਉਸ ਮਹਾਨ ਅਵਾਜ਼ ਦੀ ਗੂੰਜ ਹੈ ਜਿਹੜੀ ਉਸ ਬਗੀਚੇ ਦੇ ਸੰਨਾਟੇ ਵਿਚ ਪੁਕਾਰ ਰਹੀ ਸੀ, "ਮੇਰੀ ਨਹੀਂ ਪਰ ਤੇਰੀ ਮਰਜ਼ੀ ਪੂਰੀ ਹੋਵੇ।"

ਉਸ ਹਰੇਕ ਮਨੁੱਖ ਨਾਲ, ਜਿਹੜਾ ਪਰਮੇਸ਼ਰ ਦੇ ਕੰਮਾਂ ਵਿਚ ਅਗਾਹਾਂ ਵਧਣਾ ਚਾਹੁੰਦਾ ਹੈ, ਇਸੇ ਤਰ੍ਹਾਂ ਹੋਣਾ ਚਾਹੀਦਾ ਹੈ। ਉਹ ਪਹਿਲੀ ਵਾਰ ਆਉਣੀ ਹੀ ਚਾਹੀਦੀ ਹੈ ਜਦੋਂ ਉਹ ਆਪਣੀ ਇੱਛਾ ਨੂੰ ਤਿਆਗੇ ਅਤੇ ਆਪਣੇ ਆਪ ਨੂੰ ਇਕ ਜਿਉਂਦੇ ਬਲੀਦਾਨ ਵੱਜੋਂ ਪੇਸ਼ ਕਰੇ, ਨਾਲੇ ਇਹ ਆਖੇ:

> ਮੈਂ ਉਥੇ ਜਾਵਾਂਗਾ ਜਿਥੇ ਤੂੰ ਮੈਨੂੰ ਭੇਜਣਾ ਚਾਹੇਂਗਾ;
> ਮੈਂ ਉਹ ਕਰਾਂਗਾ ਜੋ ਤੂੰ ਮੈਥੋਂ ਕਰਵਾਉਣਾ ਚਾਹੇਂਗਾ;
> ਮੈਂ ਉਹ ਕਹਾਂਗਾ ਜੋ ਤੂੰ ਮੈਥੋਂ ਕਹਾਉਣਾ ਚਾਹੇਂਗਾ;
> ਮੈਂ ਉਹ ਬਣਾਂਗਾ ਜੋ ਤੂੰ ਮੈਨੂੰ ਬਣਾਉਣਾ ਚਾਹੇਂਗਾ।

ਜਦੋਂ ਇਸ ਤਰ੍ਹਾਂ ਦਾ ਸ਼ਰਤਹੀਣ ਸਮਰਪਣ ਹੋ ਜਾਂਦਾ ਹੈ, ਤਾਂ ਇਸ ਦਾ ਰੋਜਾਨਾ ਅਭਿਆਸ ਕੀਤਾ ਜਾਣਾ ਚਾਹੀਦਾ ਹੈ। ਵਿਸ਼ਵਾਸੀ ਹਮੇਸ਼ਾ ਆਪਣੇ ਆਪ ਨੂੰ ਇਸ ਸਮਰਪਣ ਦੀ ਅਵਸਥਾ ਵਿਚ ਬਣਾਈ ਰੱਖੇ। ਉਸ ਨੂੰ ਚੇਤੇ ਰੱਖਣਾ ਚਾਹੀਦਾ ਹੈ ਕਿ ਉਹ ਇਕ ਗੁਲਾਮ ਹੈ, ਜਿਹੜਾ ਆਪਣੇ ਮਾਲਕ ਦੇ ਹੁਕਮ ਨੂੰ ਉਡੀਕਦਾ ਰਹਿੰਦਾ ਹੈ। ਆਪਣੇ ਜੀਵਨ ਦੇ ਹਰੇਕ ਖੇਤਰ ਵਿਚ ਉਸ ਨੂੰ ਮਸੀਹ ਦੀ ਪ੍ਰਭੁਤਾ ਸਵੀਕਾਰ ਕਰਨੀ ਚਾਹੀਦਾ ਹੈ।

ਅਜਿਹਾ ਕਰਨ 'ਤੇ ਕੀ ਹੋਵੇਗਾ? ਕੀ ਉਸ ਵਿਅਕਤੀ ਵਿਚ ਕੋਈ ਵੱਡੀ ਸਰੀਰਕ ਤਬਦੀਲੀ ਆਵੇਗੀ? ਕੀ ਉਸ ਦੇ ਜਜ਼ਬਾਤ ਸਨਸਨੀਖੇਜ਼ ਤਰੀਕੇ ਨਾਲ ਚਰਮ ਸੀਮਾ 'ਤੇ ਪੁੱਜ ਜਾਣਗੇ? ਕੀ ਸਵਰਗੋਂ ਜਵਾਬੀ ਅੱਗ ਉਤਰੇਗੀ?

ਜ਼ਿਆਦਾਤਰ ਅਜਿਹਾ ਕੁਝ ਵੀ ਨਹੀਂ ਹੁੰਦਾ ਹੈ, ਕੋਈ ਬਾਹਰੀ ਚਿੰਨ੍ਹ ਦਿਖਾਈ ਨਹੀਂ ਦਿੰਦਾ ਹੈ। ਇਸ ਦੇ ਉਲਟ ਵਿਸ਼ਵਾਸ ਦੀ ਇਕ ਸ਼ਾਂਤ ਤਸੱਲੀ ਆ ਜਾਂਦੀ ਹੈ ਕਿ ਪਰਮੇਸ਼ਰ ਨੇ ਸਵਰਗ ਵਿਚ ਇਸ ਨੂੰ ਸੁਣ ਲਿਆ ਹੈ ਅਤੇ ਭੇਂਟ ਕਬੂਲ ਕਰ ਲਈ ਗਈ ਹੈ। ਜਿਵੇਂ ਅਸੀਂ ਇਹ ਵਿਸ਼ਵਾਸ ਕੀਤਾ ਸੀ ਕਿ ਉਸ ਨੇ ਸਾਨੂੰ ਉਸ ਵੇਲੇ ਬਚਾ ਲਿਆ ਜਦੋਂ ਅਸੀਂ ਫਰਿਆਦੀ ਪਾਪੀਆਂ ਵੱਜੋਂ ਉਸ ਦੇ ਕੋਲ ਆਏ ਸਾਂ, ਉਵੇਂ ਹੀ ਸਾਨੂੰ ਇਹ ਵਿਸ਼ਵਾਸ ਵੀ ਕਰਨਾ ਹੈ ਕਿ ਉਹ ਸਾਨੂੰ ਉਦੋਂ ਵੀ ਕਬੂਲ ਕਰਦਾ ਹੈ ਜਦੋਂ ਅਸੀਂ ਜਿਉਂਦੇ ਬਲੀਦਾਨ ਵੱਜੋਂ ਉਸ ਦੇ ਕੋਲ ਆਉਂਦੇ ਹਾਂ।

---

2. Mrs. Howard Taylor, BORDEN OF YALE '09 (Philadelphia: China Inland Mission, 1943), p. 123.

ਇਸ ਤੋਂ ਬਾਦ ਰੋਜ਼ਮੱਰਾ ਦੀ ਆਮ ਜ਼ਿੰਦਗੀ ਦੇ ਕਾਰਨ ਨਿਰਾਸ਼ ਹੋ ਜਾਣ ਦਾ ਖਤਰਾ ਮੰਡਰਾਉਣ ਲੱਗੇਗਾ। ਕੁਝ ਗੱਲਾਂ ਵਿਚ ਜ਼ਿੰਦਗੀ ਇਕ ਮਾਮੂਲੀ ਜਿਹਾ ਨੇਮ ਬਣ ਕੇ ਰਹਿ ਜਾਵੇਗੀ। ਰੋਜ਼ਮੱਰਾ ਦੇ ਕੰਮ ਨੀਰਸ ਜਾਂ ਸ਼ਾਇਦ ਬੇਕਾਰ ਵੀ ਲੱਗਣ ਲੱਗ ਜਾਣ। ਪਰ ਮੁੱਖ ਗੱਲ ਇਹ ਹੈ ਕਿ ਅਸੀਂ ਸਮਰਪਤ ਬਣੇ ਰਹੀਏ, ਅਤੇ ਇਹ ਚੇਤੇ ਰੱਖੀਏ ਕਿ ਜਿਹੜੇ ਰਾਹ ਉੱਤੇ ਅਸੀਂ ਤੁਰ ਪਏ ਹਾਂ ਉਹ ਸਾਡੇ ਲਈ ਖਾਸਤੌਰ 'ਤੇ ਤਿਆਰ ਕੀਤਾ ਗਿਆ ਹੈ। ਜਿਵੇਂ-ਜਿਵੇਂ ਤੁਸੀਂ ਨਿੱਕੀਆਂ-ਨਿੱਕੀਆਂ ਗੱਲਾਂ ਵਿਚ ਵਿਸ਼ਵਾਸਯੋਗ ਬਣੇ ਰਹੋਗੇ, ਤਿਵੇਂ-ਤਿਵੇਂ ਪਰਮੇਸ਼ਰ ਵੀ ਵਿਸ਼ਵਾਸਯੋਗਤਾ ਨਾਲ ਵੱਡੀਆਂ ਗੱਲਾਂ ਵਿਚ ਤੁਹਾਡੀ ਅਗਵਾਈ ਕਰੇਗਾ। ਕਦਮ-ਦਰ-ਕਦਮ ਉਹ ਤੁਹਾਨੂੰ ਚਲਾਵੇਗਾ। ਤੁਸੀਂ ਆਪਣੇ ਜੀਵਨ ਵਿਚ ਆਉਣ ਵਾਲੇ ਅਜੀਬ, ਛੋਟੇ-ਛੋਟੇ ਅਤੇ ਅਚਾਨਕ ਹੋ ਜਾਣ ਵਾਲੇ ਇਤਫ਼ਾਕਾਂ ਬਾਰੇ ਜ਼ਿਆਦਾ ਤੋਂ ਜ਼ਿਆਦਾ ਸਚੇਤ ਹੁੰਦੇ ਜਾਓਗੇ। ਤੁਸੀਂ ਵੇਖੋਗੇ ਕਿ ਕੁਝ ਗੱਲਾਂ ਤੁਰੰਤ ਤੁਹਾਨੂੰ ਸਮਝ ਆ ਜਾਣਗੀਆਂ। ਤੁਹਾਡੇ ਸਾਹਮਣੇ ਅਵਸਰਾਂ ਦੇ ਅਜਿਹੇ ਦਰਵਾਜ਼ੇ ਖੁੱਲ੍ਹਣਗੇ ਜਿਹੜੇ ਤੁਸੀਂ ਆਪ ਕਦੇ ਵੀ ਨਹੀਂ ਸੀ ਖੋਲ੍ਹ ਸਕਦੇ। ਹੋ ਸਕਦਾ ਹੈ ਕਿ ਕਦੇ-ਕਦੇ ਪਰਮੇਸ਼ਰ ਦੀ ਅਗਵਾਈ ਬਹੁਤੀ ਸਪਸ਼ਟ ਨਾ ਜਾਪੇ, ਪਰ ਫਿਰ ਵੀ ਜਦੋਂ ਤੁਸੀਂ ਆਪਣੀ ਇਸ ਸਮਰਪਤ ਜ਼ਿੰਦਗੀ ਵਿਚ ਵਾਪਸ ਝਾਤੀ ਮਾਰੋਗੇ ਤਾਂ ਵੇਖੋਗੇ ਕਿ ਪ੍ਰਭੂ ਤੁਹਾਡੀ ਅਗਵਾਈ ਕਰਦਾ ਆ ਰਿਹਾ ਹੈ ਅਤੇ ਹੁਣ ਤਕ ਦਾ ਤੁਹਾਡਾ ਸਫ਼ਰ ਮਨਮੋਹਣਾ ਰਿਹਾ ਹੈ।

ਇਸ ਵਿਚ ਇੰਤਜ਼ਾਰ ਵੀ ਸ਼ਾਮਲ ਹੈ—ਲੰਮਾ, ਕਸ਼ਟਦਾਇਕ ਇੰਤਜ਼ਾਰ—ਅਜਿਹਾ ਕੰਮ ਜਿਹੜਾ ਅਸੀਂ ਚੰਗੀ ਤਰ੍ਹਾਂ ਨਹੀਂ ਕਰ ਸਕਦੇ। ਪਰ ਇਹ ਸਾਡੀ ਲੋੜੀਂਦੀ ਸਿਖਲਾਈ ਦਾ ਇਕ ਜ਼ਰੂਰੀ ਹਿੱਸਾ ਹੈ।

ਵਾਪਸ ਮੁੜ ਜਾਣ ਦਾ, ਇਕ ਵਾਰ ਫਿਰ ਸੋਚ ਲੈਣ ਦਾ, ਬਲੀਦਾਨ ਦੀ ਵੇਦੀ ਤੋਂ ਚੁੱਪਚਾਪ ਉਤਰ ਆਉਣ ਦਾ ਖਤਰਾ ਵੀ ਹਮੇਸ਼ਾ ਬਣਿਆ ਰਹੇਗਾ। ਇਕ ਮਸੀਹੀ ਵਿਅਕਤੀ ਨੇ ਆਪਣੀ ਬੈਠਕ ਦੀ ਕੰਧ ਉੱਤੇ ਇਹ ਲਿਖਿਆ ਹੋਇਆ ਸੀ: "ਪ੍ਰਭੂ, ਕਿਸੇ ਵੀ ਕੀਮਤ 'ਤੇ ਮੈਨੂੰ ਆਪਣਾ ਬਣਾਈ ਰੱਖ।" ਪਰ ਇਕ ਦਿਨ ਉਸ ਨੇ ਚੁੱਪਚਾਪ ਆ ਕੇ ਇਸ ਲਿਖਾਵਟ ਨੂੰ ਮਿਟਾ ਦਿੱਤਾ—ਇਹ ਕੀਮਤ ਉਸ ਦੇ ਲਈ ਬਹੁਤ ਵੱਡੀ ਸੀ। ਸਾਡਾ ਬਲੀਦਾਨ ਅਟੱਲ ਹੋਣਾ ਚਾਹੀਦਾ ਹੈ, ਕਿਉਂਕਿ ਜੋ ਕੋਈ ਆਪਣਾ ਹੱਥ ਹਲ 'ਤੇ ਰੱਖ ਕੇ ਪਿਛਾਹਾਂ ਨੂੰ ਵੇਖੇ ਤਾਂ ਉਹ ਪਰਮੇਸ਼ਰ ਦੇ ਰਾਜ ਦੇ ਜੋਗ ਨਹੀਂ (ਲੂਕਾ 9:62)।

ਇਸ ਸਮਰਪਤ ਜੀਵਨ ਵਿਚ ਭਾਵੇਂ ਕੁਝ ਵੀ ਹੋ ਜਾਵੇ, ਪਛਤਾਵਾ ਕਦੇ ਨਹੀਂ ਹੋਵੇਗਾ। ਬੋਰਡਨ ਨੇ ਇਸ ਜ਼ਿੰਦਗੀ ਨੂੰ ਇਸ ਤਰ੍ਹਾਂ ਬਿਆਨ ਕੀਤਾ, "ਇਸ ਜ਼ਿੰਦਗੀ ਵਿਚ ਕੋਈ ਸੰਕੋਚ ਨਹੀਂ, ਕੋਈ ਵਾਪਸੀ ਨਹੀਂ, ਕੋਈ ਪਛਤਾਵਾ ਨਹੀਂ ਹੁੰਦਾ।" ਇਹ ਅਜਿਹੀ ਜ਼ਿੰਦਗੀ ਹੈ ਜਿਹੜੀ ਸੱਚਮੁੱਚ ਸੰਤੋਖਜਨਕ ਹੈ।

ਹੁਣ ਇਹ ਸਾਰੀਆਂ ਗੱਲਾਂ ਸਾਡੇ ਲਈ ਵਿਹਾਰਕ ਅਤੇ ਨਿੱਜੀ ਹੋ ਜਾਣ। ਹਰ ਕੋਈ ਪਰਮੇਸ਼ਰ ਨੂੰ ਹਾਜ਼ਰ ਜਾਣ ਕੇ ਆਪਣੇ ਆਪ ਤੋਂ ਇਹ ਸਵਾਲ ਬਹਾਦਰੀ ਅਤੇ ਇਮਾਨਦਾਰੀ ਨਾਲ ਪੁੱਛੇ!

*ਕੀ ਮੈਂ ਆਪਣੀ ਜ਼ਿੰਦਗੀ ਦੀ ਇਹ ਵੱਡੀ ਵਚਨਬੱਧਤਾ ਕਰ ਲਈ ਹੈ?*
*ਕੀ ਮੈਂ ਅਜੇ ਵੀ ਪਰਮੇਸ਼ਰ ਦਾ ਵਿਰੋਧ ਕਰ ਰਿਹਾ ਹਾਂ, ਅਤੇ ਉਸ ਜ਼ਿੰਦਗੀ ਨੂੰ ਘੁੱਟ ਕੇ ਫੜੀ ਬੈਠਾਂ ਹਾਂ ਜਿਹੜੀ ਦਰਅਸਲ ਉਸ ਦੀ ਹੈ?*
*ਕੀ ਮੇਰੇ ਮੁਕਤੀਦਾਤਾ ਲਈ ਮੇਰੀ ਕੋਈ ਵੀ ਕੁਰਬਾਨੀ ਬਹੁਤ ਵੱਡੀ ਹੈ, ਉਸ ਮੁਕਤੀਦਾਤਾ ਲਈ ਜਿਸ ਨੇ ਮੇਰੀ ਖਾਤਰ ਆਪਣੀ ਜਾਨ ਦੇ ਦਿੱਤੀ?*
*ਕੀ ਅਜੇ ਵੀ ਕੋਈ ਅਜਿਹੀ ਥਾਂ ਹੈ ਜਿਥੇ ਮੈਂ ਨਹੀਂ ਜਾਣਾ ਚਾਹੁੰਦਾ?*
*ਕੀ ਮੈਂ ਇਸ ਗੱਲ ਤੋਂ ਡਰਦਾ ਹਾਂ ਕਿ ਪਰਮੇਸ਼ਰ ਮੈਨੂੰ ਸੇਵਾ ਦੇ ਅਜਿਹੇ ਕਿਸੇ ਖੇਤਰ ਵਿਚ ਨਾ ਬੁਲਾ ਲਵੇ ਜਿਹੜਾ ਮੇਰੇ ਰੁਤਬੇ ਤੋਂ ਨੀਵਾਂ ਹੈ?*
*ਕੀ ਮੈਂ ਇਸੇ ਵੇਲੇ ਆਪਣੀ ਜ਼ਿੰਦਗੀ ਬਿਨਾਂ ਕੋਈ ਸੰਕੋਚ ਕੀਤਿਆਂ ਪ੍ਰਭੂ ਯਿਸੂ ਨੂੰ ਅਰਪਤ ਕਰਨ ਲਈ ਤਿਆਰ ਹਾਂ?*

*ਕੀ ਇਹ ਸਾਰੇ ਸਵਾਲ ਪੁੱਛਣ ਦੀ ਹਿੰਮਤ ਤੁਹਾਡੇ ਅੰਦਰ ਹੈ?*

# ਰੋਜ਼ਗਾਰ ਦੀ ਭੂਮਿਕਾ

ਜਿਵੇਂ ਹੀ ਮਸੀਹ ਨੂੰ ਸਮਰਪਣ ਕੀਤੇ ਜਾਣ ਦੇ ਵਿਸ਼ੇ 'ਤੇ ਚਰਚਾ ਕੀਤੀ ਜਾਂਦੀ ਹੈ, ਕੁਝ ਲੋਕ ਆਪਣੇ ਬਚਾਓ ਵਿਚ ਇਹ ਇਤਰਾਜ਼ ਜ਼ਰੂਰ ਚੁੱਕਦੇ ਹਨ, "ਸਾਨੂੰ ਆਪਣੀ ਜਾਨ ਦੀ ਫ਼ਿਕਰ ਵੀ ਤਾਂ ਕਰਨੀ ਚਾਹੀਦੀ ਹੈ, ਹੈ ਕਿ ਨਹੀਂ?" ਅਜਿਹੀ ਉਲਝਣ ਭਰੀ ਸੋਚ ਉੱਤੇ ਬਹੁਤ ਤਰਸ ਆਉਂਦਾ ਹੈ। ਅਜਿਹੀ ਸੋਚ ਆਖਦੀ ਹੈ:

1. ਕਿ ਜੋ ਹੁੰਦੈ ਹੋਵੇ, ਪਰ ਸਾਨੂੰ ਆਪਣੀ ਜਾਨ ਦੀ ਫ਼ਿਕਰ ਤਾਂ ਕਰਨੀ ਹੀ ਚਾਹੀਦੀ ਹੈ;
2. ਕਿ ਜਿਹੜੇ ਲੋਕ ਆਪਣਾ ਜੀਵਨ ਮਸੀਹ ਨੂੰ ਅਰਪਤ ਕਰ ਦਿੰਦੇ ਹਨ ਉਹ ਆਪਣੇ ਆਪ ਹੀ ਪੂਰੇ ਸਮੇਂ ਦੀ ਸੇਵਾ ਵਿਚ ਆ ਜਾਂਦੇ ਹਨ ਅਤੇ ਰੋਜ਼ੀ-ਰੋਟੀ ਕਮਾਉਣ ਲਈ ਕੋਈ ਕੰਮ ਨਹੀਂ ਕਰਦੇ;
3. ਕਿ "ਚੰਗੀ ਨੌਕਰੀ" ਕਰਨ ਦੀ ਬਜਾਏ ਪਰਮੇਸ਼ਰ ਨੂੰ ਅਰਪਤ ਜੀਵਨ ਵਿਚ ਭੁੱਖੇ ਮਰਨ ਦਾ ਅੰਦੇਸ਼ਾ ਜ਼ਿਆਦਾ ਰਹਿੰਦਾ ਹੈ।

ਸਭ ਤੋਂ ਪਹਿਲਾਂ ਤਾਂ ਇਹ ਤਰਕ ਇਕ ਭਰਮ ਇਸ ਕਰਕੇ ਹੈ ਕਿਉਂਕਿ ਸਾਨੂੰ ਆਪਣੀ ਜਾਨ ਦੀ ਫ਼ਿਕਰ ਕਰਨ ਦੀ ਲੋੜ ਨਹੀਂ ਹੈ। ਪ੍ਰਭੂ ਯਿਸੂ ਦੇ ਗੁਲਾਮ ਆਪਣੇ ਅਕਾਲ ਚਲਾਣੇ ਦਾ ਅੰਦਾਜ਼ ਅਤੇ ਸਮਾਂ ਆਪ ਨਹੀਂ ਚੁਣਦੇ। ਅਸੀਂ ਉਦੋਂ ਤਕ ਜੀਵਾਂਗੇ ਜਦੋਂ ਤਕ ਉਸ ਦੀ ਇੱਛਾ ਹੈ, ਉਦੋਂ ਤਕ ਮੌਤ ਸਾਨੂੰ ਛੂਹ ਵੀ ਨਹੀਂ ਸਕਦੀ।

ਦੂਜਾ, ਇਹ ਤਰਕ ਇਕ ਭਰਮ ਇਸ ਕਰਕੇ ਹੈ ਕਿਉਂਕਿ ਹਰੇਕ ਵਿਸ਼ਵਾਸੀ ਨੂੰ ਪੂਰੇ ਸਮੇਂ ਦੀ ਸੇਵਾ ਵਿਚ ਹੋਣਾ ਹੀ ਚਾਹੀਦਾ ਹੈ। ਕੁਝ ਲੋਕ ਇਹ ਸੇਵਾ ਮਿਸ਼ਨ ਫ਼ੀਲਡ ਵਿਚ ਜਾ ਕੇ ਕਰਦੇ ਹਨ ਅਤੇ ਕੁਝ ਲੋਕ ਰਸੋਈ ਵਿਚ ਕੰਮ ਕਰਕੇ। ਕੁਝ ਲੋਕ ਗੈਰਕੌਮੀ ਅਫ਼ਰੀਕੀਆਂ ਵਿਚ ਜਾ ਕੇ ਗਵਾਹੀ ਦਿੰਦੇ ਹਨ ਕੁਝ ਲੋਕ ਅਮਰੀਕਾ ਵਿਚ ਰਹਿ ਕੇ ਹੀ।

ਅੰਤ ਵਿਚ, ਇਹ ਤਰਕ ਇਕ ਭਰਮ ਇਸ ਕਰਕੇ ਵੀ ਹੈ ਕਿਉਂਕਿ ਇਸ ਤਰਕ ਨੇ ਇਸ ਤੱਥ ਨੂੰ ਭੁਲਾ ਛੱਡਿਆ ਹੈ ਕਿ ਜਿਹੜੇ ਲੋਕ ਮਸੀਹ ਅਤੇ ਉਸ ਦੀ ਸੇਵਾ ਨੂੰ ਪਹਿਲ ਦਿੰਦੇ ਹਨ ਉਨ੍ਹਾਂ ਨੂੰ ਇਸ ਜੀਵਨ ਦੀਆਂ ਮੁੱਢਲੀਆਂ ਵਸਤਾਂ ਦਾ ਵਾਇਦਾ ਕੀਤਾ ਗਿਆ ਹੈ।

ਤੁਸੀਂ ਪਹਿਲਾਂ ਪਰਮੇਸ਼ਰ ਦੇ ਰਾਜ ਅਤੇ ਉਹ ਦੇ ਧਰਮ ਨੂੰ ਭਾਲੋ ਤਾਂ ਤੁਹਾਨੂੰ ਇਹ ਸਾਰੀਆਂ ਵਸਤਾਂ ਵੀ ਦਿੱਤੀਆਂ ਜਾਣਗੀਆਂ (ਮੱਤੀ 6:33)।

ਪਰ ਇਸ ਸਾਰੇ ਵਿਸ਼ੇ 'ਤੇ ਸਾਡੀ ਸੋਚ ਨੂੰ ਵਧੇਰੇ ਸਪਸ਼ਟ ਕਰਨ ਲਈ ਸਾਨੂੰ ਇਕ ਮਸੀਹੀ ਵਿਅਕਤੀ ਦੇ ਜੀਵਨ ਵਿਚ ਇਕ ਰੋਜ਼ਗਾਰ ਦੀ ਭੂਮਿਕਾ 'ਤੇ ਜ਼ਰਾ ਗੌਰ ਕਰਨਾ ਚਾਹੀਦਾ ਹੈ।

1. ਸਭ ਤੋਂ ਪਹਿਲਾਂ, ਇਹ ਪਰਮੇਸ਼ਰ ਦੀ ਯੋਜਨਾ ਦਾ ਹਿੱਸਾ ਹੈ ਕਿ ਮਨੁੱਖ ਕੰਮ ਕਰਕੇ ਹੀ ਆਪਣੀ ਰੋਜ਼ੀ-ਰੋਟੀ ਕਮਾਏ।

   ਤੂੰ ਆਪਣੇ ਮੂੰਹ ਦੇ ਮੁੜਕੇ ਨਾਲ ਰੋਟੀ ਖਾਵੇਂਗਾ (ਉਤਪਤ 3:19)। ਛੇ ਦਿਨ ਤੂੰ ਮਿਹਨਤ ਕਰ (ਕੂਚ 20:9)। ਕਿਉਂਕਿ ਜਦ ਅਸੀਂ ਤੁਹਾਡੇ ਕੋਲ ਸਾਂ ਤਦ ਵੀ ਤੁਹਾਨੂੰ ਇਹ ਹੁਕਮ ਦਿੱਤਾ ਸੀ ਭਈ ਜੇ ਕੋਈ ਕੰਮ ਧੰਦਾ ਕਰਨੇ ਨੱਕ ਵੱਟਦਾ ਹੈ ਤਾਂ ਰੋਟੀ ਵੀ ਨਾ ਖਾਵੇ (2 ਥੱਸਲੁਨੀਕੀਆਂ 3:10)।

   ਮਿਹਨਤ ਦੀ ਕੋਈ ਸ਼ਰਮਿੰਦਗੀ ਨਹੀਂ ਹੁੰਦੀ। ਸਗੋਂ ਇਹ ਤਾਂ ਪਰਮੇਸ਼ਰ ਵੱਲੋਂ ਮਨੁੱਖ ਨੂੰ ਮਿਲੀ ਇਕ ਅਸੀਸ ਹੈ।

2. ਮਸੀਹੀਆਂ ਨੂੰ ਪ੍ਰਭੂ ਤੋਂ ਅਗਵਾਈ ਮੰਗਣੀ ਚਾਹੀਦੀ ਹੈ ਕਿ ਉਹ ਕਿਹੜਾ ਪੇਸ਼ਾ ਜਾਂ ਕਾਰੋਬਾਰ ਅਪਣਾਉਣ। ਉਨ੍ਹਾਂ ਨੂੰ ਇਸ ਵਿਸ਼ੇ ਬਾਰੇ ਉਸੇ ਤਰ੍ਹਾਂ ਅਗਵਾਈ ਦੀ ਉਮੀਦ ਕਰਨੀ ਚਾਹੀਦੀ ਹੈ ਜਿਵੇਂ ਕਿਸੇ ਮਿਸ਼ਨ ਫ਼ੀਲਡ ਵਿਚ ਜਾਣ ਲਈ ਲੋੜੀਂਦੀ ਹੁੰਦੀ ਹੈ।
3. ਇਸ ਤਰ੍ਹਾਂ ਕੀਤੀ ਗਈ ਕੋਈ ਵੀ ਨੌਕਰੀ ਜਾਂ ਕਾਰੋਬਾਰ ਕਿਸੇ ਦੂਰ-ਦੁਰਾਡੇ ਕੀਤੇ ਜਾਣ ਵਾਲੇ ਖੁਸ਼ਖਬਰੀ ਦੇ ਪ੍ਰਚਾਰ ਨਾਲੋਂ ਘੱਟ ਇੱਜ਼ਤਦਾਰ ਨਹੀਂ ਹੋਵੇਗਾ। ਖੁਸ਼ੀ ਇਸ ਗੱਲ ਦੀ ਹੋਣੀ ਚਾਹੀਦੀ ਹੈ ਕਿ ਇਹ ਨੌਕਰੀ ਜਾਂ ਕਾਰੋਬਾਰ ਪਰਮੇਸ਼ਰ ਦੀ ਅਗਵਾਈ ਨਾਲ ਮਿਲਿਆ ਹੈ। ਪਰ ਕੋਈ ਵੀ ਵਿਅਕਤੀ ਅਜਿਹਾ ਪੂਰੇ ਆਤਮ-ਵਿਸ਼ਵਾਸ ਨਾਲ ਉਦੋਂ ਤਕ ਨਹੀਂ ਕਹਿ ਸਕਦਾ ਜਦੋਂ ਤਕ ਉਸ ਨੇ ਪ੍ਰਭੂ ਦੀ ਇੱਛਾ ਦੇ ਪ੍ਰਤੀ ਆਪਣਾ ਪੂਰਾ ਸਮਰਪਣ ਨਹੀਂ ਕੀਤਾ ਹੈ, ਅਤੇ ਕਿਤੇ ਵੀ ਜਾਣ ਲਈ ਤਿਆਰ ਹੈ।
4. ਅੱਜ "ਗੈਰਧਾਰਮਿਕ" ਕੰਮ ਅਤੇ "ਧਾਰਮਿਕ" ਕੰਮ ਵਿਚ ਜਿਹੜਾ ਫ਼ਰਕ ਕੀਤਾ ਜਾਂਦਾ ਹੈ ਉਹ ਵਚਨ 'ਤੇ ਬਿਲਕੁਲ ਵੀ ਅਧਾਰਿਤ ਨਹੀਂ ਹੈ। ਸਾਰੇ ਹੀ ਕੰਮ ਧਾਰਮਿਕ ਹਨ ਜੇਕਰ ਉਹ ਪਰਮੇਸ਼ਰ ਦੀ ਮਹਿਮਾ ਲਈ ਕੀਤੇ ਜਾਣ। ਇਸ ਬਾਰੇ ਜੀ. ਕੈਂਪਬੈੱਲ ਮੋਰਗਨ ਨੇ ਇਸ ਤਰ੍ਹਾਂ ਕੁਝ ਲਿਖਿਆ:

   "ਦੁਨਿਆਵੀ ਜਾਂ ਗੈਰਧਾਰਮਿਕ ਕੰਮ" ਜਿਹੇ ਲਫ਼ਜ਼ਾਂ ਨੂੰ ਹਰੇਕ ਵਿਅਕਤੀ ਦੇ ਜੀਵਨ ਵਿਚੋਂ ਕੱਢ ਕੇ ਸੁੱਟ ਦਿੱਤਾ ਜਾਣਾ ਚਾਹੀਦਾ ਹੈ। ਯਿਸੂ ਨੇ ਸਾਨੂੰ ਸਿਖਾਇਆ ਹੈ ਕਿ ਜੇਕਰ ਮਿਹਨਤੀ ਪਵਿੱਤਰ ਹੈ ਤਾਂ ਹਰ ਤਰ੍ਹਾਂ ਦੀ ਮਿਹਨਤ ਵੀ ਪਵਿੱਤਰ ਹੈ। ਵਿਵਾਦ ਪੈਦਾ ਕਰਨ ਲਈ ਨਹੀਂ ਪਰ ਮਨੁੱਖੀ ਜੀਵਨ ਬਾਰੇ ਗਲਤ ਧਾਰਣਾ ਦਾ ਵਿਰੋਧ ਕਰਨ ਲਈ ਮੈਂ ਇਹ ਕਹਿਣਾ ਚਾਹੁੰਦਾ ਹੈ ਕਿ ਕਿਸੇ ਵੀ ਵਿਅਕਤੀ ਨੂੰ,

ਭਾਵੇਂ ਉਹ ਪ੍ਰਚਾਰ ਕਰਦਾ ਹੈ ਜਾਂ ਕਿਸੇ ਵੀ ਤਰ੍ਹਾਂ ਦੀ ਸੇਵਾ ਕਰਦਾ ਹੈ, ਇਹ ਦਾਵਾ ਕਰਨਾ ਦਾ ਕੋਈ ਹੱਕ ਨਹੀਂ ਹੈ ਕਿ ਕੇਵਲ ਉਹੀ "ਪਵਿੱਤਰ ਕੰਮਾਂ" ਵਿਚ ਰੁੱਝਿਆ ਹੋਇਆ ਹੈ। ਜੇਕਰ ਕੱਲ੍ਹ ਸਵੇਰੇ ਕੋਈ ਵਿਅਕਤੀ ਆਪਣੇ ਮੋਢੇ ਉੱਤੇ ਆਪਣੇ ਔਜ਼ਾਰਾਂ ਵਾਲਾ ਬੈਗ ਟੰਗ ਕੇ ਨੌਕਰੀ 'ਤੇ ਜਾਂਦਾ ਹੈ ਅਤੇ ਜੇਕਰ ਉਹ ਇਕ ਪਵਿੱਤਰ ਜਨ ਹੈ ਤਾਂ ਉਹ ਵੀ ਇਹ ਦਾਵਾ ਕਰ ਸਕਦਾ ਹੈ, ਅਤੇ ਜੇਕਰ ਉਹ ਵਿਅਕਤੀ ਤਰਖਾਣ ਹੈ ਅਤੇ ਆਪਣੇ ਕਾਰਖਾਨੇ ਵਿਚ ਜਾ ਕੇ ਆਰੀ ਨਾਲ ਲੱਕੜ ਵੱਢਦਾ ਹੈ ਤਾਂ ਜੇਕਰ ਉਸ ਆਰੀ ਦੀ ਵਰਤੋਂ ਕਰਨ ਵਾਲਾ ਵਿਅਕਤੀ ਪਰਮੇਸ਼ਰ ਦਾ ਇਕ ਜਾਜਕ ਹੈ ਤਾਂ ਉਹ ਆਰੀ ਵੀ ਪਰਮੇਸ਼ਰ ਦੇ ਪਵਿੱਤਰ ਸਥਾਨ ਵਿਚਲੀ ਸੇਵਾ ਦਾ ਇਕ ਪਾਤਰ ਮੰਨੀ ਜਾਵੇਗੀ। ਮੈਂ ਚਾਹੁੰਦਾ ਹੈ ਕਿ ਆਉਣ ਵਾਲੇ ਹਫ਼ਤੇ ਦੇ ਦੌਰਾਨ ਤੁਸੀਂ ਆਪਣੀ ਨੌਕਰੀ ਜਾਂ ਕਾਰੋਬਾਰ ਦੇ ਹਰੇਕ ਦਿਨ ਕਾਊਂਟਰ 'ਤੇ ਬੈਠਿਆਂ, ਦਫ਼ਤਰ ਵਿਚ ਕੰਮ ਕਰਦਿਆਂ ਜਾਂ ਮੇਰੀਏ ਭੈਣੇ, ਆਪਣੇ ਘਰ ਵਿਚ ਕੰਮਕਾਰ ਕਰਦਿਆਂ ਵੀ ਇਸੇ ਵਿਚਾਰ ਨੂੰ ਆਪਣੇ ਮਨ ਵਿਚ ਰੱਖ ਕੇ ਕੰਮ ਕਰਿਓ ਕਿ ਤੁਸੀਂ ਮਸੀਹ ਦੇ ਨਾਲ ਕੰਮ ਕਰ ਰਹੇ ਹੋ।[1]

5. ਰੋਜ਼ਗਾਰ ਲਈ ਪਰਮੇਸ਼ਰ ਦੀ ਅਗਵਾਈ ਮੰਗਦਿਆਂ ਵਿਸ਼ਵਾਸੀਆਂ ਨੂੰ ਇਹ ਚੇਤੇ ਰੱਖਣਾ ਚਾਹੀਦਾ ਹੈ ਕਿ ਆਮਤੌਰ 'ਤੇ ਪਰਮੇਸ਼ਰ ਹਰੇਕ ਮਨੁੱਖ ਨੂੰ ਉਸ ਦੇ ਸੁਭਾਵਕ ਗੁਣਾਂ ਦੇ ਖੇਤਰ ਵਿਚ ਇਸਤੇਮਾਲ ਕਰਦਾ ਹੈ। ਤਾਂ ਵੀ ਇਹ ਕੋਈ ਡਾਢਾ ਨਿਯਮ ਨਹੀਂ ਹੈ, ਪਰ ਇਹ ਇਕ ਦਸਤੂਰ ਜ਼ਰੂਰ ਬੈਠਾ ਦਿੰਦਾ ਹੈ।
6. ਇਹ ਤਾਂ ਸਪਸ਼ਟ ਹੀ ਹੈ ਕਿ ਪਰਮੇਸ਼ਰ ਕਿਸੇ ਵੀ ਵਿਸ਼ਵਾਸੀ ਨੂੰ ਕਿਸੇ ਵੀ ਤਰ੍ਹਾਂ ਦੇ ਇਤਰਾਜ਼ਯੋਗ ਜਾਂ ਗੈਰਕਨੂੰਨੀ ਕਾਰੋਬਾਰ ਵਿਚ ਨਹੀਂ ਲੈ ਕੇ ਜਾਵੇਗਾ, ਅਤੇ ਨਾ ਹੀ ਕਿਸੇ ਵੀ ਵਿਸ਼ਵਾਸੀ ਨੂੰ ਅਜਿਹਾ ਕੋਈ ਵੀ ਕਾਰੋਬਾਰ ਜਾਂ ਪੇਸ਼ਾ ਅਪਣਾਉਣ ਦੀ ਲੋੜ ਹੈ ਜਿਸ ਵਿਚ ਦੁਨਿਆਵੀ ਹਥਕੰਡੇ ਵਰਤੇ ਜਾਂਦੇ ਹੋਣ ਜਾਂ ਜਿਥੇ ਉਸ ਨੂੰ ਆਪਣੀ ਗਵਾਹੀ ਨਾਲ ਸਮਝੌਤਾ ਕਰਨਾ ਪਵੇ।
7. ਸਭ ਤੋਂ ਮਹੱਤਵਪੂਰਣ ਗੱਲ ਇਹ ਚੇਤੇ ਰੱਖਣਾ ਹੈ ਕਿ ਇਸ ਜ਼ਿੰਦਗੀ ਦਾ ਪ੍ਰਮੁੱਖ ਮੁੱਦਾ ਨੌਕਰੀ ਨਹੀਂ ਹੈ। ਇਹ ਤਾਂ ਕੇਵਲ ਆਪਣੀਆਂ ਜ਼ਰੂਰਤਾਂ ਪੂਰੀਆਂ ਕਰਨ ਦਾ ਇਕ ਜ਼ਰੀਆ ਹੈ। ਵਿਲੀਅਮ ਕੇਰੀ ਦੀ ਇਸ ਟਿੱਪਣੀ ਨੂੰ ਜਿਹੜਾ ਜੱਸ ਮਿਲਿਆ ਹੈ, ਉਹ ਠੀਕ ਹੀ ਮਿਲਿਆ ਹੈ। ਜਦੋਂ ਉਸ ਨੂੰ ਪੁੱਛਿਆ ਗਿਆ ਕਿ ਉਸ ਦਾ ਪੇਸ਼ਾ ਕੀ ਹੈ, ਤਾਂ ਉਸ ਨੇ ਜਵਾਬ ਵਿਚ ਆਖਿਆ, "ਮੇਰਾ ਪੇਸ਼ਾ ਖੁਸ਼ਖਬਰੀ ਦਾ ਪ੍ਰਚਾਰ ਕਰਨਾ ਹੈ; ਆਪਣੇ ਖਰਚੇ ਪੂਰੇ ਕਰਨ ਲਈ ਮੈਂ ਜੁੱਤੀਆਂ ਗੰਢਦਾ ਹਾਂ।"

ਵਾਨਾਮੇਕਰ ਡਿਪਾਰਟਮੈਂਟ ਸਟੋਰ ਦੇ ਸੰਸਾਥਪਕ ਜੌਨ ਵਾਨਾਮੇਕਰ ਬਾਰੇ ਵੀ ਅਜਿਹਾ ਹੀ ਕੁਝ ਕਿਹਾ ਜਾਂਦਾ ਹੈ। ਜਦੋਂ ਉਨ੍ਹਾਂ ਨੂੰ ਪੁੱਛਿਆ ਗਿਆ ਕਿ ਉਹ ਇੰਨੇ ਜ਼ਿਆਦਾ ਰੁੱਝੇ ਰਹਿਣ ਦੇ ਬਾਵਜੂਦ ਵੀ ਉਹ ਸੰਡੇ ਸਕੂਲ ਚਲਾਉਣ ਲਈ ਸਮਾਂ ਕਿਵੇਂ ਕੱਢ ਲੈਂਦੇ ਹਨ, ਤਾਂ ਉਨ੍ਹਾਂ ਨੇ ਜਵਾਬ ਦਿੱਤਾ, "ਤੁਸੀਂ ਅਜਿਹਾ ਕਿਉਂ ਪੁੱਛ ਰਹੇ ਹੋ! ਮੇਰਾ ਅਸਲ

1. G. Campbell Morgan, THE HIDDEN YEARS AT NAZARETH (Pamphlet) (London: Charles Higham, no date), p. 14.

ਕਾਰੋਬਾਰ ਤਾਂ ਇਹ ਸੰਡੇ ਸਕੂਲ ਹੀ ਹੈ! ਬਾਕੀ ਦੇ ਸਾਰੇ ਕੰਮ ਤਾਂ ਬਸ ਕੰਮ ਹੀ ਹਨ। ਪਚਵੰਜਾ ਵਰ੍ਹੇ ਪਹਿਲਾਂ ਮੈਂ ਵਿਸ਼ਵਾਸ ਕਰ ਲਿਆ ਸੀ ਕਿ ਪ੍ਰਭੂ ਦਾ ਇਹ ਵਾਇਦਾ ਸੱਚਾ ਹੈ, 'ਤੁਸੀਂ ਪਹਿਲਾਂ ਪਰਮੇਸ਼ਰ ਦੇ ਰਾਜ ਅਤੇ ਉਹ ਦੇ ਧਰਮ ਨੂੰ ਭਾਲੋ ਤਾਂ ਤੁਹਾਨੂੰ ਇਹ ਸਾਰੀਆਂ ਵਸਤਾਂ ਵੀ ਦਿੱਤੀਆਂ ਜਾਣਗੀਆਂ।'"

ਇਹ ਇਕ ਅਜਿਹੀ ਵਿਸ਼ੇਸ਼ ਗੱਲ ਹੈ ਜਿਹੜੀ ਸਾਨੂੰ ਹਮੇਸ਼ਾ ਚੇਤੇ ਰੱਖਣੀ ਚਾਹੀਦੀ ਹੈ! ਪ੍ਰਭੂ ਦੇ ਕੰਮ ਨੂੰ ਹਮੇਸ਼ਾ ਪਹਿਲ ਦਿੱਤੀ ਜਾਵੇ; ਕਾਰੋਬਾਰ ਦੀ ਥਾਂ ਦੂਜੀ ਹੈ। ਖਤਰਾ ਉਦੋਂ ਪੈਦਾ ਹੁੰਦਾ ਹੈ ਜਦੋਂ ਕਾਰੋਬਾਰ ਨੂੰ ਜ਼ਰੂਰਤ ਨਾਲੋਂ ਜ਼ਿਆਦਾ ਸਮਾਂ ਮਿਲਣ ਲੱਗ ਜਾਂਦਾ ਹੈ। ਜਿਵੇਂ ਕਿ ਇਕ ਪੁਰਾਣੀ ਕਹਾਵਤ ਆਖਦੀ ਹੈ, "ਅੱਗ ਲੈਣ ਆਈ ਸੀ, ਮਾਲਕਣ ਬਣ ਕੇ ਬਹਿ ਗਈ", ਉਸੇ ਤਰ੍ਹਾਂ ਕਾਰੋਬਾਰ ਵੀ ਹੌਲੀ-ਹੌਲੀ ਸਾਡੇ ਅਸਲ ਮਾਲਕ ਨੂੰ ਸਾਡੇ ਜੀਵਨ ਵਿਚੋਂ ਕੱਢ ਕੇ ਆਪ ਸਾਡਾ ਮਾਲਕ ਬਣ ਬੈਠਦਾ ਹੈ। ਇਹ ਵਿਸ਼ਵਾਸੀ ਨੂੰ ਸਥਾਨਕ ਕਲੀਸਿਆ ਵਿਚ ਜਾਣ ਤੋਂ ਵਰਜਦਾ ਹੈ। ਇਹ ਉਸ ਤੋਂ ਦਿਨ-ਬ-ਦਿਨ ਵਧੇਰੇ ਸਮੇਂ ਦੀ ਮੰਗ ਕਰਦਾ ਜਾਂਦਾ ਹੈ। ਇਹ ਉਸ ਦੀ ਮਸੀਹੀ ਸੇਵਾ ਉੱਤੇ ਇੰਨਾ ਜ਼ਿਆਦਾ ਮਾੜਾ ਪ੍ਰਭਾਵ ਪਾਉਂਦਾ ਹੈ ਕਿ ਉਹ ਪੂਰੀ ਤਰ੍ਹਾਂ ਪ੍ਰਭਾਵਹੀਣ ਹੋ ਜਾਂਦਾ ਹੈ।

ਇਸ ਦਾ ਨਤੀਜਾ ਅਕਸਰ ਇਹ ਹੁੰਦਾ ਹੈ ਕਿ ਵਿਸ਼ਵਾਸ ਤੋਂ ਉਸ ਦਾ ਜਮਾਂਦਰੂ ਹੱਕ ਖੁੱਸ ਜਾਂਦਾ ਹੈ। ਉਵੇਂ ਹੀ ਜਿਵੇਂ ਜੋਵੈੱਟ ਨੇ ਆਖਿਆ ਸੀ, ਕਿ ਵਿਸ਼ਵਾਸੀ ਕੇਵਲ ਇਕ "ਅਸਥਾਈ ਉਦਯੋਗ ਵਿਚ ਇਕ ਆਮ ਕਾਮਾ ਬਣ ਕੇ ਰਹਿ ਜਾਂਦਾ ਹੈ।" ਇਸ ਨਾਸਵਾਨ ਵਸਤੂ ਨੂੰ ਗਲ ਨਾਲ ਲਾ ਕੇ ਉਹ ਆਪਣੀ ਜ਼ਿੰਦਗੀ ਦੇ ਕੇਂਦਰੀ ਭਾਵ ਤੋਂ ਵਾਂਝਾ ਰਹਿ ਜਾਂਦਾ ਹੈ।

8. ਜਦੋਂ ਅਸੀਂ ਇਹ ਆਖ ਰਹੇ ਹਾਂ ਕਿ ਕਾਰੋਬਾਰ ਨੂੰ ਦੂਜੇ ਨੰਬਰ ਦੀ ਥਾਂ ਦਿੱਤੀ ਜਾਣੀ ਚਾਹੀਦੀ ਹੈ, ਤਾਂ ਸਾਡੇ ਕਹਿਣ ਦਾ ਭਾਵ ਇਹ ਨਹੀਂ ਹੈ ਕਿ ਸਾਰਾ ਕੰਮ ਹੀ ਲਾਪਰਵਾਹੀ ਨਾਲ ਕੀਤਾ ਜਾਵੇ ਜਾਂ ਦਿਲੋਂ ਨਾ ਕੀਤਾ ਜਾਵੇ। ਇਸ ਦੇ ਉਲਟ, ਮਸੀਹੀ ਗਵਾਹੀ ਤਾਂ ਇਹ ਹੈ ਕਿ ਆਪਣੇ ਕੰਮ ਨੂੰ ਸਟੀਕਤਾ ਨਾਲ, ਪੂਰੇ ਦਿਲ ਨਾਲ ਅਤੇ ਚੰਗੀ ਤਰ੍ਹਾਂ ਕੀਤਾ ਜਾਣਾ ਚਾਹੀਦਾ ਹੈ, ਜਿਵੇਂ ਕਿ ਪ੍ਰਭੂ ਲਈ ਕੀਤਾ ਜਾ ਰਿਹਾ ਹੈ। ਪਰਮੇਸ਼ਰ ਦੀ ਸੰਤਾਨ ਦਾ ਫ਼ਰਜ਼ ਇਹ ਹੈ ਕਿ ਉਹ ਆਪਣੇ ਮਾਲਕ ਲਈ ਆਪਣੇ ਕੰਮ ਦੇ ਇੱਕ ਘੰਟੇ ਵਿਚ ਪੂਰੇ ਸੱਠ ਮਿੰਟ ਦਿਲੋਂ ਕੰਮ ਕਰੇ, ਅਤੇ ਨਾ ਹੀ ਉਹ ਆਪਣੇ ਮਾਲਕ ਨੂੰ ਦਿੱਤੇ ਜਾਣ ਵਾਲੇ ਸਮੇਂ ਦੀ ਵਰਤੋਂ ਕਿਸੇ ਨੂੰ ਆਪਣੀ ਗਵਾਹੀ ਦੇਣ ਲਈ ਕਰੇ; ਇਹ ਤਾਂ ਉਸ ਦੇ ਆਪਣੇ ਖਰਚ 'ਤੇ ਅਤੇ ਆਪਣੇ ਸਮੇਂ ਵਿਚ ਕੀਤਾ ਜਾਣਾ ਚਾਹੀਦਾ ਹੈ।

ਮਸੀਹੀਆਂ ਲਈ ਇਹ ਸਿਆਣਨਾ ਅਕਸਰ ਔਖਾ ਹੋ ਜਾਂਦਾ ਹੈ ਕਿ ਉਨ੍ਹਾਂ ਦੇ ਮਾਲਕ ਦੀਆਂ ਮੰਗਾਂ ਪ੍ਰਭੂ ਦੇ ਪ੍ਰਤੀ ਉਸ ਦੀ ਜ਼ਿੰਮੇਵਾਰੀਆਂ ਨੂੰ ਖਾਣਾ ਸ਼ੁਰੂ ਕਰ ਦਿੰਦੀਆਂ ਹਨ। ਇਸ ਨਾਜ਼ੁਕ ਸੰਤੁਲਨ ਨੂੰ ਬਣਾਈ ਰੱਖਣਾ ਹਰ ਕਿਸੇ ਦੇ ਵੱਸ ਦੀ ਗੱਲ ਨਹੀਂ ਹੈ। ਪਰ ਇਹ ਗੱਲ ਪੂਰੀ ਤਰ੍ਹਾਂ ਸੱਚੀ ਹੈ! ਜੇਕਰ ਕੋਈ ਵਿਅਕਤੀ ਇਸ ਮਸਲੇ ਵਿਚ ਪਰਮੇਸ਼ਰ

ਦਾ ਆਦਰ ਕਰਦਾ ਹੈ, ਤਾਂ ਪਰਮੇਸ਼ਰ ਉਸ ਦਾ ਵੀ ਆਦਰ ਕਰੇਗਾ ਅਤੇ ਉਹ ਉਸ ਉੱਤੇ ਰੋਟੀ ਮੰਗਣ ਦੀ ਨੌਬਤ ਨਹੀਂ ਆਉਣ ਦੇਵੇਗਾ, ਫਿਰ ਭਾਵੇਂ ਆਪਣਾ ਕਾਰੋਬਾਰ ਜਾਂ ਨੌਕਰੀ ਬਦਲਨਾ ਅੱਤ ਜ਼ਰੂਰੀ ਕਿਉਂ ਨਾ ਹੋ ਜਾਵੇ।

9. ਸਾਨੂੰ ਇਕ ਲੁਕੇ ਹੋਏ ਟੋਏ ਵਿਚ ਡਿੱਗਣ ਤੋਂ ਬਚਣਾ ਹੈ ਅਤੇ ਉਹ ਇਹ ਹੈ ਕਿ ਅਸੀਂ ਕੇਵਲ ਉਹੀ ਕੰਮ ਨਾ ਕਰਦੇ ਰਹੀਏ ਜਿਹੜੇ ਗੈਰਵਿਸ਼ਵਾਸੀ ਲੋਕ ਕਰਦੇ ਹਨ। ਪ੍ਰਭੂ ਯਿਸੂ ਨੇ ਆਖਿਆ, "ਮੁਰਦਿਆਂ ਨੂੰ ਆਪਣੇ ਮੁਰਦੇ ਦੱਬਣ ਦਿਹ, ਪਰ ਤੂੰ ਜਾ ਕੇ ਪਰਮੇਸ਼ਰ ਦੇ ਰਾਜ ਦੀ ਖਬਰ ਸੁਣਾ" (ਲੂਕਾ 9:60)। ਮੁਰਦੇ ਤਾਂ ਕੋਈ ਵੀ ਦਫ਼ਨਾ ਸਕਦਾ ਹੈ ਪਰ ਕੇਵਲ ਛੁਟਕਾਰਾ ਪ੍ਰਾਪਤ ਬੁੱਲ੍ਹ ਹੀ ਮਸੀਹ ਦੀ ਮੁਕਤੀ ਦੇਣ ਵਾਲੀ ਕਿਰਪਾ ਦੀ ਗਵਾਹੀ ਦੇ ਸਕਦੇ ਹਨ। ਇਸ ਭਾਵ ਨਾਲ ਤਾਂ ਸਾਨੂੰ ਅਜਿਹੇ ਲੋਕ ਹੋਣਾ ਚਾਹੀਦਾ ਹੈ ਜਿਨ੍ਹਾਂ ਦੇ ਬਿਨਾਂ ਇਸ ਦੁਨੀਆ ਦਾ ਗੁਜ਼ਾਰਾ ਨਾ ਚੱਲੇ।
10. ਅਸੀਂ ਨੀਚ ਕਮਾਈ ਲਈ ਉਹ ਕੰਮ ਕਦੇ ਵੀ ਨਾ ਕਰੀਏ ਜਿਹੜਾ ਅਸੀਂ ਮਸੀਹ ਦੇ ਕਾਰਨ ਕਦੇ ਵੀ ਨਹੀਂ ਕਰਾਂਗੇ। ਅਸੀਂ ਕਿਸੇ ਵੀ ਕੰਪਨੀ ਲਈ ਅਜਿਹਾ ਕੋਈ ਵੀ ਕਦਮ ਨਾ ਚੁੱਕੀਏ ਜਿਹੜਾ ਕਲੀਸੀਆ ਦੀ ਨਜ਼ਰ ਵਿਚ ਹੀਣ ਹੈ।
11. ਅਕਸਰ ਅਜਿਹਾ ਹੁੰਦਾ ਹੈ ਕਿ ਜਦੋਂ ਕੋਈ ਵਿਅਕਤੀ ਦੀਨ ਹੋ ਕੇ ਆਪਣੀਆਂ ਜ਼ਿੰਮੇਵਾਰੀਆਂ ਵਫ਼ਾਦਾਰੀ ਨਾਲ ਪੂਰੀਆਂ ਕਰਦਾ ਜਾਂਦਾ ਹੈ ਤਾਂ ਪ੍ਰਭੂ ਉਸ ਦੀ ਸੇਵਾ ਦੇ ਦਾਇਰੇ ਨੂੰ ਵਧਾਉਂਦਾ ਜਾਂਦਾ ਹੈ। ਅਜਿਹਾ ਵੀ ਹੋ ਸਕਦਾ ਹੈ ਕਿ ਹੁਣ ਉਸ ਦਾ ਪਹਿਲਾਂ ਨਾਲੋਂ ਵਧੇਰੇ ਸਮਾਂ ਪ੍ਰਭੂ ਦੇ ਕੰਮ ਵਿਚ ਜਾ ਰਿਹਾ ਹੈ ਪਰ ਉਸ ਦੀਆਂ ਜ਼ਰੂਰਤਾਂ ਪਹਿਲਾਂ ਦੀ ਤਰ੍ਹਾਂ ਹੀ ਪੂਰੀਆਂ ਹੋ ਰਹੀਆਂ ਹਨ। ਜਾਂ ਅਜਿਹਾ ਵੀ ਹੋ ਸਕਦਾ ਹੈ ਕਿ ਉਸ ਨੇ ਵਿਸ਼ੇਸ਼ ਤੌਰ ’ਤੇ ਅਤੇ ਸਾਫ-ਸਾਫ ਰੀਤੀ ਨਾਲ ਪਰਮੇਸ਼ਰ ਦੀ ਬੁਲਾਹਟ ਪ੍ਰਾਪਤ ਕਰ ਲਈ ਹੈ ਕਿ ਉਹ ਪੂਰੇ ਸਮੇਂ ਦੀ ਸੇਵਾ ਵਿਚ ਆ ਜਾਵੇ ਜਾਂ ਆਪਣੇ ਦੇਸ ਜਾਂ ਪਰਦੇਸ ਵਿਚ ਬਾਈਬਲ ਉਪਦੇਸ਼ਕ ਬਣੇ। ਅਜਿਹੇ ਹਾਲਾਤਾਂ ਵਿਚ ਮਸੀਹੀਆਂ ਨੂੰ ਆਪਣੀਆਂ ਬੁਨਿਆਦੀ ਜ਼ਰੂਰਤਾਂ ਦੇ ਪੂਰਾ ਹੋਣ ਦੀ ਫ਼ਿਕਰ ਕੀਤੇ ਬਿਨਾਂ ਬੇਧੜਕ ਚਲੇ ਜਾਣਾ ਚਾਹੀਦਾ ਹੈ। ਜਦੋਂ ਪਰਮੇਸ਼ਰ ਬੁਲਾਹਟ ਦਿੰਦਾ ਹੈ ਤਾਂ ਸਾਰੇ ਇੰਤਜ਼ਾਮ ਵੀ ਕਰਦਾ ਹੈ, ਜਾਂ ਹਡਸਨ ਟੇਲਰ ਦੇ ਸ਼ਬਦਾਂ ਵਿਚ, "ਪਰਮੇਸ਼ਰ ਦੇ ਤਰੀਕੇ ਨਾਲ ਕੀਤੇ ਜਾ ਰਹੇ ਪਰਮੇਸ਼ਰ ਦੇ ਕੰਮ ਨੂੰ ਪਰਮੇਸ਼ਰ ਦੇ ਇੰਤਜ਼ਾਮਾਂ ਦੀ ਘਾਟ ਕਦੇ ਨਹੀਂ ਹੋਵੇਗੀ।"
12. ਕਾਰੋਬਾਰ ਅਤੇ ਪੇਸ਼ੇ ਵਿਚ ਸਫਲਤਾ ਪ੍ਰਾਪਤੀ ਦੇ ਮਗਰ ਦੀਵਾਨੀ ਇਸ ਦੁਨੀਆ ਦੇ ਵਿਚ ਮਸੀਹੀਆਂ ਨੂੰ ਅਜਿਹੀਆਂ ਉਪਲਬਧੀਆਂ ਦੀ ਬਿਲਕੁਲ ਪਰਵਾਹ ਨਹੀਂ ਕਰਨੀ ਚਾਹੀਦੀ। ਕਿਸੇ ਵੱਡੇ ਕਾਰੋਬਾਰ ਦਾ ਮੁੱਖੀ ਹੋਣ ਨਾਲੋਂ ਛੋਟੇ ਰੂਪ ਵਿਚ ਮਸੀਹ ਦੀ ਸੇਵਾ ਕਰਨਾ ਕਿਤੇ ਵਧੀਆ ਹੈ। ਪਰਮੇਸ਼ਰ ਦੀ ਇੱਛਾ ਤੋਂ ਬਾਹਰ ਜਾ ਕੇ ਕਿਸੇ ਦੇਸ਼ ਦਾ ਰਾਸ਼ਟਰਪਤੀ ਬਣਨ ਨਾਲੋਂ ਪਰਮੇਸ਼ਰ ਦੀ ਇੱਛਾ ਵਿਚ ਰਹਿ ਕੇ ਜਮਾਦਾਰ ਬਣਨਾ ਕਿਤੇ ਵਧੀਆ ਹੈ।

ਇਹ ਕੁਝ ਅਜਿਹੀਆਂ ਗੱਲਾਂ ਹਨ ਜਿਨ੍ਹਾਂ ਦਾ ਧਿਆਨ ਨੌਜਵਾਨ ਮਸੀਹੀਆਂ ਨੂੰ ਆਪਣੇ ਪੇਸ਼ੇ ਦੀ ਚੋਣ ਕਰਦਿਆਂ ਰੱਖਣਾ ਚਾਹੀਦਾ ਹੈ। ਉਨ੍ਹਾਂ ਨੂੰ ਸਪਸ਼ਟ ਤੌਰ 'ਤੇ ਇਹ ਪੱਕਾ ਕਰ ਲੈਣਾ ਚਾਹੀਦਾ ਹੈ ਕਿ ਜਿਹੜੇ ਕੰਮ ਦੀ ਚੋਣ ਉਹ ਕਰ ਰਹੇ ਹਨ ਉਹ ਉਨ੍ਹਾਂ ਦੇ ਲਈ ਪਰਮੇਸ਼ਰ ਦੀ ਇੱਛਾ ਦੇ ਅਨੁਸਾਰ ਹੈ, ਅਤੇ ਇਸ ਕੰਮ ਦੀ ਚੋਣ ਉਸ ਨੇ ਆਪਣੇ ਪ੍ਰਭੂ ਅਤੇ ਸਵਾਮੀ ਦੇ ਪ੍ਰਤੀ ਆਪਣੇ ਸ਼ਰਤਹੀਣ ਸਮਰਪਣ ਤੋਂ ਬਚਣ ਲਈ ਨਾ ਕੀਤੀ ਹੋਵੇ।

# ਬਹਾਨੇਬਾਜ਼ੀਆਂ, ਦਲੀਲਾਂ ਦੇਣੀਆਂ ਅਤੇ ਪੱਜ ਮਾਰਨੇ

ਜਦੋਂ ਮਸੀਹ ਦੇ ਕੰਮਾਂ ਦਾ ਜ਼ੋਰ ਸਾਡੇ ਉੱਤੇ ਬਹੁਤ ਵੱਧ ਜਾਂਦਾ ਹੈ ਤਾਂ ਉਨ੍ਹਾਂ ਕੰਮਾਂ ਤੋਂ ਬਚਣ ਲਈ ਆਮਤੌਰ 'ਤੇ ਲੋਕ ਬਹਾਨੇਬਾਜ਼ੀਆਂ ਕਰਦੇ ਹਨ, ਦਲੀਲਾਂ ਦਿੰਦੇ ਹਨ ਅਤੇ ਪੱਜ ਮਾਰਦੇ ਹਨ। ਅਜਿਹੇ ਇਕ ਬਹਾਨੇ ਨੂੰ ਤਾਂ ਅਸੀਂ ਵੇਖ ਵੀ ਚੁੱਕੇ ਹਾਂ— "ਸਾਨੂੰ ਆਪਣੀ ਜਾਨ ਦੀ ਫ਼ਿਕਰ ਵੀ ਤਾਂ ਕਰਨੀ ਚਾਹੀਦੀ ਹੈ, ਹੈ ਕਿ ਨਹੀਂ?" ਹੁਣ ਅਸੀਂ ਸੰਖੇਪ ਵਿਚ ਹੋਰਨਾਂ ਤਰੀਕਿਆਂ ਨੂੰ ਵੀ ਵੇਖਾਂਗੇ ਜਿਨ੍ਹਾਂ ਦੇ ਰਾਹੀਂ ਲੋਕ ਆਪਣੇ ਮੁਕਤੀਦਾਤਾ ਦੀ ਬੁਲਾਹਟ ਨੂੰ "ਨਾ" ਆਖ ਦਿੰਦੇ ਹਨ।

ਇਕ ਬੜਾ ਹੀ ਆਮ ਬਹਾਨਾ ਹੈ, "ਮੈਨੂੰ ਆਪਣੇ ਭਵਿੱਖ ਬਾਰੇ ਵੀ ਸੋਚਣਾ ਹੈ!"

ਕੁਝ ਵਰ੍ਹੇ ਪਹਿਲਾਂ, ਇਕ ਪੂਰਬੀ ਰਾਜ ਦਾ ਇਕ ਨੌਜਵਾਨ ਵਸਨੀਕ ਆਪਣੇ ਜੀਵਨ ਨੂੰ ਪ੍ਰਭੂ ਲਈ ਇਕ ਵਿਸੇਸ਼ ਤਰ੍ਹਾਂ ਦੀ ਸੇਵਾ ਵਿਚ ਸਮਰਪਤ ਕਰਨ ਬਾਰੇ ਬੜੀ ਗੰਭੀਰਤਾ ਨਾਲ ਵਿਚਾਰ ਕਰ ਰਿਹਾ ਸੀ। ਉਹ ਜਾਣਦਾ ਸੀ ਕਿ ਉਸ ਦੇ ਅੰਦਰ ਗੰਭੀਰਤਾ ਨਾਲ ਉੱਦਮ ਅਤੇ ਤਾਕੀਦੀ ਦਾ ਸੰਘਰਸ਼ ਚਲ ਰਿਹਾ ਸੀ। ਫਿਰ ਉਸ ਦੇ ਸਾਹਮਣੇ ਇਕ ਚੋਣ ਆਈ ਕਿ ਉਹ ਇਸ ਸੇਵਾ ਵਿਚ ਕਦਮ ਰੱਖੇ ਜਾਂ ਕਾਰੋਬਾਰੀ ਖੇਤਰ ਵਿਚ ਇਕ ਵੱਡੇ ਔਹਦੇ ਨੂੰ ਬਣਾਈ ਰੱਖੇ। ਉਸ ਨੇ ਕਾਰੋਬਾਰ ਜਗਤ ਵਿਚ ਨਾਮ ਕਮਾ ਚੁੱਕੇ ਦੋ ਵਡੇਰੇ ਮਸੀਹੀਆਂ ਤੋਂ ਇਸ ਬਾਰੇ ਸਲਾਹ ਲਈ। ਉਨ੍ਹਾਂ ਦੋਹਾਂ ਨੇ ਇਹ ਆਖਦਿਆਂ ਬੜੇ ਕੜੇ ਸ਼ਬਦਾਂ ਵਿਚ ਉਸ ਨੂੰ ਇਹ ਸਲਾਹ ਦਿੱਤੀ, "ਬੌਬ, ਚੇਤੇ ਰੱਖੀਂ, ਤੈਨੂੰ ਆਪਣੇ ਭਵਿੱਖ ਬਾਰੇ ਸੋਚਣ ਦੀ ਲੋੜ ਹੈ!"

ਉਸ ਨੇ ਆਪਣੀ ਉੱਚੀ ਤਨਖ਼ਾਹ ਵਾਲੀ ਨੌਕਰੀ ਫੜੀ ਰੱਖੀ—*ਪਰ ਕੀ ਉਸ ਨੇ ਸੱਚਮੁੱਚ ਆਪਣੇ ਭਵਿੱਖ ਬਾਰੇ ਸੋਚਿਆ ਸੀ?*

ਪਰ ਹੋਰ ਲੋਕ ਅਜਿਹਾ ਵੀ ਆਖਦੇ ਹਨ, "ਪਰ ਕਿਸੇ ਨੂੰ ਆਪਣੇ ਦੇਸ ਜਾਂ ਇਲਾਕੇ ਵਿਚ ਵੀ ਤਾਂ ਰਹਿਣਾ ਹੀ ਪਵੇਗਾ!" ਅਜਿਹਾ ਜਾਪਦਾ ਹੈ ਕਿ ਅਜਿਹੀਆਂ ਗੱਲਾਂ ਕਰਨ ਵਾਲੇ ਲੋਕ ਉਨ੍ਹਾਂ ਬਾਰੇ ਬਹੁਤ ਚਿੰਤਤ ਹਨ ਜਿਹੜੇ ਮਸੀਹ ਦੀ ਸੇਵਾ ਲਈ ਦੂਰ-ਦੁਰਾਡੇ ਜਾ ਕੇ ਕੰਮ ਕਰ ਰਹੇ ਹਨ, ਪਰ ਜ਼ਿਆਦਾਤਰ ਲੋਕਾਂ ਦੇ ਇਹ ਕਹਿਣ ਦਾ

ਕਾਰਨ ਕੇਵਲ ਇੰਨਾ ਹੁੰਦਾ ਹੈ ਕਿ ਉਹ ਅਜਿਹੇ ਕਿਸੇ ਵੀ ਕੰਮ ਲਈ ਆਉਣ ਵਾਲੀ ਬੁਲਾਹਟ ਦਾ ਜੋਖਮ ਚੁੱਕਣ ਦੀ ਆਪਣੀ ਬੇਦਿਲੀ ਉੱਤੇ ਪਰਦਾ ਪਾ ਸਕਣ।

ਇਹ ਸੱਚ ਹੈ ਕਿ ਪਰਮੇਸ਼ਰ ਕੁਝ ਲੋਕਾਂ ਨੂੰ ਆਪਣੇ ਦੇਸ ਜਾਂ ਇਲਾਕੇ ਵਿਚ ਰਹਿ ਕੇ ਕੰਮ ਕਰਨ ਲਈ ਇਸਤੇਮਾਲ ਕਰਦਾ ਹੈ ਤਾਂ ਜੋ ਉਨ੍ਹਾਂ ਦੀ ਮਦਦ ਹੋ ਸਕੇ ਜਿਹੜੇ ਖੁਸ਼ਖਬਰੀ ਲਈ ਦੂਰ-ਦੁਰਾਡੇ ਗਏ ਹੋਏ ਹਨ, ਪਰ ਇਹ ਥੋੜਾ ਅਜੀਬ ਲਗਦਾ ਹੈ ਕਿ ਬਹੁਤੇ ਸਾਰੇ ਤੰਦਰੁਸਤ, ਦਲੇਰ, ਤਕੜੇ, ਗੁਣੀਂ ਗਭਰੂਆਂ ਨੂੰ ਆਪਣੇ ਹੀ ਦੇਸ ਜਾਂ ਇਲਾਕੇ ਵਿਚ ਰਹਿਣ ਲਈ ਬੁਲਾਇਆ ਗਿਆ ਹੈ ਜਦਕਿ ਉਨ੍ਹਾਂ ਦੀਆਂ ਨਿਤਾਣੀਆਂ, ਸ਼ਰਮਾਕਲ ਭੈਣਾਂ ਖਤਰਨਾਕ ਅਤੇ ਭਿਆਣਕ ਰੋਗਾਂ ਨਾਲ ਗ੍ਰਸਤ ਇਲਾਕਿਆਂ ਵਿਚ ਪਰਮੇਸ਼ਰ ਦੇ ਕੰਮ ਦੀਆਂ ਮੋਢੀ ਬਣ ਕੇ ਗਈਆਂ ਹੋਈਆਂ ਹਨ।

ਸ਼ਾਇਦ ਕੁਝ ਲੋਕਾਂ ਦੀ ਸੋਚ ਦੇ ਅਨੁਸਾਰ ਇਕ ਕਾਰਨ ਇਹ ਵੀ ਹੋ ਸਕਦਾ ਹੈ ਕਿ ਉਨ੍ਹਾਂ ਦੇ ਗੁਣ ਜਾਂ ਵਿੱਦਿਆ ਨੂੰ "ਮਸੀਹੀ ਸੇਵਾ" ਦੀ ਥਾਂ ਹੋਰ ਕਿਸੇ ਖੇਤਰ ਵਿਚ ਵਧੇਰੇ ਇਸਤੇਮਾਲ ਕੀਤਾ ਜਾ ਸਕਦਾ ਹੈ; ਇਸ ਕਰਕੇ ਉਹ ਪ੍ਰਭੂ ਦੇ ਪ੍ਰਤੀ ਆਪਣਾ ਪੂਰਾ ਸਮਪਰਣ ਨਹੀਂ ਕਰਦੇ ਹਨ ਮਤੇ ਉਹ ਉਨ੍ਹਾਂ ਨੂੰ ਅਜਿਹੀ ਕਿਸੇ ਸੇਵਾ ਵਿਚ ਆਉਣ ਦਾ ਸੱਦਾ ਦੇ ਦੇਵੇ ਜਿਹੜੀ "ਉਨ੍ਹਾਂ ਦੇ ਪੱਧਰ ਤੋਂ ਨੀਵੀਂ ਹੈ।" ਇਸ ਦਾ ਜਵਾਬ ਬਹੁਤ ਸੌਖਾ ਹੈ: ਇਹ ਕਹਿਣਾ ਸਾਡੇ ਹੱਥ-ਵੱਸ ਨਹੀਂ ਹੈ ਕਿ ਸਾਡੇ ਗੁਣਾਂ ਨੂੰ ਕਿਥੇ ਸਭ ਤੋਂ ਵਧੇਰੇ ਇਸਤੇਮਾਲ ਕੀਤਾ ਜਾ ਸਕਦਾ ਹੈ। ਪਰ ਇਹ ਗੱਲ ਜ਼ਰੂਰ ਸੱਚ ਹੈ ਕਿ ਜੇਕਰ ਅਸੀਂ ਸੋਚਦੇ ਹਾਂ ਕਿ ਸਾਡੇ ਗੁਣ ਇੰਨੇ ਚੰਗੇ ਹਨ ਕਿ ਪਰਮੇਸ਼ਰ ਦੀ ਸੇਵਾ ਵਿਚ ਵਿਅਰਥ ਨਹੀਂ ਗੁਆਏ ਜਾਣੇ ਚਾਹੀਦੇ, ਤਾਂ ਅਸੀਂ ਸਿੱਧਾ-ਸਿੱਧਾ ਪਰਮੇਸ਼ਰ ਦਾ ਨਿਰਾਦਰ ਕਰ ਰਹੇ ਹਾਂ। ਸਾਡੇ ਕੋਲ ਅਜਿਹਾ ਕੁਝ ਵੀ ਨਹੀਂ ਹੈ ਜਿਹੜਾ ਅਸੀਂ ਉਸ ਕੋਲੋਂ ਪ੍ਰਾਪਤ ਨਹੀਂ ਕੀਤਾ ਹੈ। ਹਾਂ, ਇਹ ਸੱਚ ਹੈ ਕਿ ਵਿੱਦਿਆ ਅਤੇ ਹੁਨਰ ਦੀ ਆਪਣਾ ਇਕ ਉਚਿਤ ਥਾਂ ਹੈ, ਪਰ ਇਨ੍ਹਾਂ ਦੀ ਸਰਬਉੱਤਮ ਥਾਂ ਮਸੀਹ ਦੇ ਵਿੰਨ੍ਹੇ ਹੋਏ ਚਰਨਾਂ ਵਿਚ ਹੈ। ਰਸੂਲ ਪੌਲੁਸ ਇਕ ਉੱਘਾ ਵਿਦਵਾਨ, ਅਸਾਧਾਰਨ ਕਾਮਾ, ਗੁਣੀਂ ਪ੍ਰਤਿਭਾਵਾਨ ਵਿਅਕਤੀ ਸੀ। ਦੁਨਿਆਵੀ ਬੁੱਧੀਜੀਵੀਆਂ ਲਈ ਜਿਹੜੀਆਂ ਗੱਲਾਂ ਅਣਮੁੱਲੀਆਂ ਸਨ ਉਨ੍ਹਾਂ ਬਾਰੇ ਵਿਚਾਰ ਕਰਦਿਆਂ ਉਸ ਨੇ ਲਿਖਿਆ:

> ਪਰ ਜਿਹੜੀਆਂ ਗੱਲਾਂ ਮੇਰੇ ਲਾਭ ਦੀਆਂ ਸਨ ਮੈਂ ਉਨ੍ਹਾਂ ਨੂੰ ਮਸੀਹ ਦੇ ਕਾਰਨ ਹਾਨ ਦੀਆਂ ਸਮਝਿਆ। ਸਗੋਂ ਮਸੀਹ ਯਿਸੂ ਆਪਣੇ ਪ੍ਰਭੂ ਦੇ ਗਿਆਨ ਦੀ ਉੱਤਮਤਾਈ ਦੇ ਕਾਰਨ ਸਾਰੀਆਂ ਗੱਲਾਂ ਨੂੰ ਮੈਂ ਹਾਨ ਦੀਆਂ ਹੀ ਸਮਝਦਾ ਹਾਂ ਅਤੇ ਉਹ ਦੀ ਖਾਤਰ ਮੈਂ ਇਨ੍ਹਾਂ ਸਭਨਾਂ ਗੱਲਾਂ ਦੀ ਹਾਨ ਝੱਲੀ ਅਤੇ ਉਨ੍ਹਾਂ ਨੂੰ ਕੂੜਾ ਸਮਝਦਾ ਹਾਂ ਭਈ ਮੈਂ ਮਸੀਹ ਨੂੰ ਖੱਟ ਲਵਾਂ (ਫ਼ਿਲਿੱਪੀਆਂ 3:7,8)।

ਪਰ ਅਜਿਹੇ ਲੋਕ ਵੀ ਹਨ ਜਿਹੜੇ ਮਸੀਹ ਦੇ ਪ੍ਰਤੀ ਸੰਪੂਰਨ ਸਮਰਪਣ 'ਤੇ ਵਿਚਾਰ ਕਰਦਿਆਂ ਆਖਦੇ ਹਨ, "ਪਰ ਮੇਰੀ ਤਾਂ ਹੁਣ ਉਮਰ ਢਲ ਗਈ ਹੈ।" ਕੋਈ ਇਨ੍ਹਾਂ ਆਤਮਕ ਪੈਂਤਰੇਬਾਜ਼ਾਂ ਨੂੰ ਪੁੱਛੇ, ਭਲਾ ਬੁਢਾਪੇ ਵਿਚ ਆਗਿਆਪਾਲਨ ਨਹੀਂ ਕੀਤਾ ਜਾ ਸਕਦਾ?

ਇਕ ਹੋਰ ਬਹਾਨਾ ਹੈ "ਘਰ-ਪਰਿਵਾਰ ਦੀਆਂ ਜਿੰਮੇਵਾਰੀਆਂ।" ਮਾਪੇ, ਪਤਨੀ ਜਾਂ ਬੱਚੇ! ਕੀ ਤੁਹਾਨੂੰ ਇਹ ਵਾਜਬ ਲਗਦਾ ਹੈ ਕਿ ਪਰਮੇਸ਼ਰ ਤੁਹਾਨੂੰ ਤੁਹਾਡੇ ਇਹ ਪਿਆਰੇ ਸਕੇ ਅਤੇ ਰਿਸ਼ਤੇਦਾਰ ਇਸ ਕਰਕੇ ਦਿੰਦਾ ਹੈ ਕਿ ਤੁਹਾਨੂੰ ਪਰਮੇਸ਼ਰ ਦੇ ਪ੍ਰਤੀ ਸਮਰਪਣ ਨਾ ਕਰਨ ਦਾ ਇਕ ਕਾਰਨ ਮਿਲ ਜਾਵੇ? ਤਾਂ ਕੀ ਉਹ ਆਪਣੀ ਯੋਜਨਾ ਅਤੇ ਸਾਡੇ ਸਰਬਉੱਤਮ ਹਿਤ ਨੂੰ ਆਪ ਹੀ ਬਰਬਾਦ ਕਰ ਦੇਵੇਗਾ? ਕਦੇ ਨਹੀਂ, ਪਰਮੇਸ਼ਰ ਕਿਸੇ ਵੀ ਮਸੀਹੀ ਦੀ ਅਗਵਾਈ ਇਸ ਤਰ੍ਹਾਂ ਨਹੀਂ ਕਰੇਗਾ ਕਿ ਉਸ ਨੂੰ ਆਪਣੀਆਂ ਜਾਇਜ ਘਰੇਲੂ ਜਿੰਮੇਵਾਰੀਆਂ ਨੂੰ ਨਜ਼ਰਅੰਦਾਜ਼ ਕਰਨਾ ਪਵੇ। ਪਰ ਸਾਡੀ ਜਿੰਮੇਵਾਰੀ ਇਹ ਹੈ ਕਿ ਅਸੀਂ ਉਸ ਦੇ ਪ੍ਰਤੀ ਸਮਰਪਤ ਹੋ ਜਾਈਏ ਅਤੇ ਉਸ ਨੂੰ ਆਪਣੇ "ਪਿਉ ਅਤੇ ਮਾਂ ਅਤੇ ਤੀਵੀਂ ਅਤੇ ਬਾਲ ਬੱਚਿਆਂ ਅਤੇ ਭਾਈਆਂ ਅਤੇ ਭੈਣਾਂ" ਅਤੇ ਹਾਂ, ਆਪਣੀ ਜਾਨ ਨਾਲੋਂ ਵੀ ਵਧੇਰੇ ਪਿਆਰ ਕਰੀਏ (ਲੂਕਾ 14:26)।

ਕੁਝ ਇਮਾਨਦਾਰ ਲੋਕ ਇਸ ਕਰਕੇ ਵੀ ਸੰਪੂਰਨ ਸਮਰਪਣ ਕਰਨ ਤੋਂ ਬਚਦੇ ਹਨ ਕਿ ਉਹ ਜ਼ਿਆਦਾ ਗੁਣੀਂ ਨਹੀਂ ਹਨ। ਪਰ ਕਿਸੇ ਨੂੰ ਪਰਮੇਸ਼ਰ ਦੇ ਪ੍ਰਤੀ ਸਮਰਪਤ ਹੋਣ ਲਈ ਗੁਣੀਂ ਹੋਣ ਦੀ ਲੋੜ ਨਹੀਂ ਹੈ! ਮਸੀਹ ਖਾਲੀ ਪਾਤਰਾਂ ਨਾਲ ਬੇਹਤਰ ਤਰੀਕੇ ਨਾਲ ਕੰਮ ਕਰ ਸਕਦਾ ਹੈ। ਇਸ ਤੋਂ ਇਲਾਵਾ ਪ੍ਰਭੂ ਦੀ ਸੇਵਾ ਲਈ ਮਿਲੀ ਹਰੇਕ ਅਸਲ ਬੁਲਾਹਟ ਵਿਚ ਕਿਸੇ ਨਾ ਕਿਸੇ ਹੱਦ ਤਕ ਮਨੁੱਖੀ ਸੰਕੋਚ ਤਾਂ ਹੁੰਦਾ ਹੀ ਹੈ, ਇਸ ਲਈ ਇਹ ਰਵੱਈਆ ਆਪਣੇ ਆਪ ਵਿਚ ਪ੍ਰਤੀਕੂਲ ਨਹੀਂ ਹੈ। ਅੰਤ ਵਿਚ, ਮਸੀਹ ਦੇ ਹਰੇਕ ਮੈਂਬਰ ਵਿਚ ਕੋਈ ਨਾ ਕੋਈ ਵਰਦਾਨ ਤਾਂ ਜ਼ਰੂਰ ਹੁੰਦਾ ਹੈ, ਅਤੇ ਆਪਣੇ ਅਸਲ ਮਕਸਦ ਨੂੰ ਜਾਣਨ ਲਈ ਜ਼ਰੂਰੀ ਹੈ ਕਿ ਉਹ ਯਿਸੂ ਨੂੰ ਆਪਣਾ ਪ੍ਰਭੂ ਸਿਆਣੇ।

ਪਰ ਸ਼ਾਇਦ ਇਨ੍ਹਾਂ ਸਭਨਾਂ ਨਾਲੋਂ ਦੁਖਦਾਈ ਬਹਾਨਾ ਇਹ ਹੈ: "ਪਰਮੇਸ਼ਰ ਨਹੀਂ ਚਾਹੁੰਦਾ ਕਿ ਮੈਂ ਆਪਣਾ ਸਭਕੁਝ ਉਸ ਲਈ ਤਿਆਗਾਂ; ਉਹ ਤਾਂ ਕੇਵਲ ਇੰਨਾ ਵੇਖਣਾ ਚਾਹੁੰਦਾ ਹੈ ਕਿ ਮੈਂ ਤਿਆਰ ਹਾਂ ਜਾਂ ਨਹੀਂ।" ਕਲਪਨਾ ਕਰੋ ਕਿ ਫ਼ੌਜੀਆਂ ਦੀ ਇਕ ਬਟਾਲੀਅਨ ਬਾਡਰ 'ਤੇ ਖੜ੍ਹੀ ਹੈ। ਅਗਾਹਾਂ ਵਧਣ ਦਾ ਹੁਕਮ ਦਿੱਤਾ ਜਾਂਦਾ ਹੈ, ਪਰ ਫੌਜੀ ਆਪਣਿਆਂ ਮੋਰਚਿਆਂ ਵਿਚ ਬੈਠੇ ਆਪਣੀਆਂ ਬੰਦੂਕਾਂ ਚਮਕਾ ਰਹੇ ਹਨ ਅਤੇ ਇਕ ਦੂਜੇ ਨੂੰ ਆਖ ਰਹੇ ਹਨ, "ਜਨਰਲ ਅਸਲ ਵਿਚ ਇਹ ਨਹੀਂ ਚਾਹੁੰਦਾ ਕਿ ਅਸੀਂ ਅਗਾਹਾਂ ਵਧੀਏ; ਉਹ ਤਾਂ ਕੇਵਲ ਇੰਨਾ ਵੇਖਣਾ ਚਾਹੁੰਦਾ ਹੈ ਕਿ ਅਸੀਂ ਤਿਆਰ ਹਾਂ ਕਿ ਨਹੀਂ।" ਇਸ ਤਰ੍ਹਾਂ ਤਾਂ ਕੋਈ ਵੀ ਜੰਗ ਨਹੀਂ ਜਿੱਤੀ ਜਾ ਸਕਦੀ। ਜੇਕਰ ਅਜਿਹਾ ਹੁੰਦਾ ਤਾਂ ਇਤਹਾਸ ਵਿਚ ਕੇਵਲ ਹਾਰ ਦਾ ਹੀ ਜ਼ਿਕਰ ਹੁੰਦਾ।

ਇਹ ਸਾਰੇ ਤਾਂ ਕੇਵਲ ਬਹਾਨੇ ਹਨ ਜਿਨ੍ਹਾਂ ਦੇ ਰਾਹੀਂ ਲੋਕ ਮਸੀਹ ਦੇ ਪ੍ਰਤੀ ਆਪਣਾ ਸੰਪੂਰਨ ਸਮਰਪਣ ਕਰਨ ਤੋਂ ਬਚਦੇ ਰਹਿੰਦੇ ਹਨ। ਇਹ ਕੇਵਲ ਬਹਾਨੇ ਹਨ, ਕਾਰਨ ਨਹੀਂ ਹਨ। ਆਪਣੇ ਮੁਕਤੀਦਾਤਾ ਪ੍ਰਤੀ ਸੰਪੂਰਨ ਸਮਰਪਣ ਨਾ ਕਰਨ ਦਾ ਤਾਂ ਕੋਈ ਕਾਰਨ ਹੈ ਹੀ ਨਹੀਂ।

*ਉਹ ਇਕ ਵਾਰ ਫਿਰ ਤੁਹਾਨੂੰ ਆਖ ਰਿਹਾ ਹੈ, "ਮੇਰੇ ਬੇਟੇ (ਮੇਰੀ ਬੇਟੀ), ਆਪਣਾ ਦਿਲ ਮੈਨੂੰ ਦੇ ਦੇ!" ਤੁਸੀਂ ਉਸ ਨੂੰ ਕੀ ਦਵੋਗੇ?*
*ਇਕ ਬਹਾਨਾ? ਜਾਂ ਆਪਣਾ ਆਪ?*

# ਜਜ਼ਬੇ ਨਾਲ ਭਰਿਆ ਜੀਵਨ

ਪ੍ਰਭੂ ਯਿਸੂ ਮਸੀਹ ਇਸ ਲਾਇਕ ਤਾਂ ਜ਼ਰੂਰ ਹੈ ਕਿ ਅਸੀਂ ਆਪਣਾ ਸਰਬੰਸ ਉਸ ਦੇ ਲਈ ਕੁਰਬਾਨ ਕਰ ਦੇਈਏ! ਜੇਕਰ ਉਹ ਸਾਡੀ ਖਾਤਰ ਮਰਿਆ ਤਾਂ ਅਸੀਂ ਵੀ ਉਸ ਦੀ ਖਾਤਰ ਮਰ ਜਾਈਏ! ਜੇਕਰ ਉਸ ਨੇ ਸਾਡੀ ਖਾਤਰ ਆਪਣੀ ਦੇਹ ਦੇ ਦਿੱਤੀ ਤਾਂ ਅਸੀਂ ਵੀ ਉਸ ਦੀ ਖਾਤਰ ਆਪਣੀ ਦੇਹ ਦੇ ਦੇਈਏ!

ਜੇਕਰ ਵੇਖਿਆ ਜਾਵੇ ਤਾਂ ਸੱਚਾ ਮਸੀਹੀ ਇਕ ਕੱਟਰਪੰਥੀ ਹੁੰਦਾ ਹੈ। ਉਹ ਨਾ ਤਾਂ ਦੁਨੀਆਂ ਦੇ ਨਾਲ ਕਦਮ ਨਾਲ ਕਦਮ ਮਿਲਾ ਕੇ ਚੱਲਦਾ ਹੈ ਅਤੇ ਨਾ ਹੀ ਆਪਣੇ ਆਪ ਨੂੰ ਉਸ ਦੇ ਰੰਗ ਢੰਗ ਵਿਚ ਢਾਲਦਾ ਹੈ। ਜਿਵੇਂ ਹੀ ਉਹ ਬਾਕੀਆਂ ਵਰਗਾ ਇਕ "ਆਮ ਆਦਮੀ" ਬਣਦਾ ਹੈ, ਉਵੇ ਹੀ ਆਪਣੇ ਸੱਚੇ ਚਰਿੱਤਰ ਨੂੰ ਗੁਆ ਬੈਠਦਾ ਹੈ।

ਇਕ ਆਦਰਸ਼ ਮਸੀਹੀ ਜਜ਼ਬੇ ਨਾਲ ਭਰਿਆ ਜੀਵਨ ਜਿਉਂਦਾ ਹੈ। ਉਹ ਯਿਸੂ ਮਸੀਹ ਲਈ ਬਲਦਾ ਰਹਿੰਦਾ ਹੈ। ਉਹ ਕਾਉਂਟ ਜ਼ਿਨਜ਼ੇਨਡੋਰਫ਼ ਵਰਗਾ ਉਹ ਜਾਂਦਾ ਹੈ ਜਿਸ ਨੇ ਇਸ ਤਰ੍ਹਾਂ ਆਖਿਆ, "ਮੇਰਾ ਇਕੋ ਜਜ਼ਬਾ ਹੈ: ਉਹ ਹੈ ਯਿਸੂ, ਕੇਵਲ ਯਿਸੂ।" ਬਾਕੀ ਸਭਨਾਂ ਦਾ ਮੁੱਲ ਉਸ ਨਾਲੋਂ ਘੱਟ ਹੈ।

ਪਰਮੇਸ਼ਰ ਦੇ ਜੋਧਿਆਂ ਦੀ ਨਜ਼ਰਾਂ ਵਿਚ ਉਸ ਦੇ ਲਈ ਕੀਤੀ ਜਾਣ ਵਾਲੀ ਕੋਈ ਵੀ ਕੁਰਬਾਨੀ ਬਹੁਤ ਵੱਡੀ ਨਹੀਂ ਹੈ। ਉਨ੍ਹਾਂ ਦਾ ਪੈਸਾ, ਉਨ੍ਹਾਂ ਦਾ ਸਮਾਂ, ਉਨ੍ਹਾਂ ਦਾ ਆਪਣਾ ਜੀਵਨ ਤਕ ਉਸ ਦੇ ਲਈ ਹਾਜ਼ਰ ਰਹਿੰਦਾ ਹੈ, ਅਤੇ ਅਜਿਹਾ ਕਰਕੇ ਉਨ੍ਹਾਂ ਨੂੰ ਖੁਸ਼ੀ ਮਿਲਦੀ ਹੈ।

ਰੋਬਰਟ ਆਰਥਿੰਗਟਨ ਦੀ ਤਰਜ 'ਤੇ ਉਹ ਵੀ ਆਖਦੇ ਹਨ, "ਮਸੀਹ ਦੇ ਗਿਆਨ ਦੀ ਘਾਟ ਦੇ ਕਾਰਨ ਮਨੁੱਖਾਂ ਨੂੰ ਨਾਸ ਹੋਣ ਤੋਂ ਬਚਾਉਣ ਖਾਤਰ ਮੈਂ ਫ਼ਰਸ਼ ਨੂੰ ਆਪਣਾ ਬਿਸਤਰ, ਇਕ ਬਕਸੇ ਨੂੰ ਆਪਣੀ ਕੁਰਸੀ ਅਤੇ ਦੂਜੇ ਬਕਸੇ ਨੂੰ ਆਪਣਾ ਮੇਜ਼ ਬਣਾ ਲੈਣ ਵਿਚ ਆਪਣੀ ਖੁਸ਼ੀ ਸਮਝਾਂਗਾ।"

ਜੇਕਰ ਵੇਖਿਆ ਜਾਵੇ ਤਾਂ ਮਸੀਹ ਦੇ ਚੇਲੇ ਅਸੁਭਾਵਿਕ ਹੁੰਦੇ ਹਨ। ਉਹ ਆਪਣੀਆਂ ਸੁਭਾਵਿਕ ਪ੍ਰਵਿਰਤੀਆਂ ਦੇ ਵਿਰੁੱਧ ਕੰਮ ਕਰਦੇ ਹਨ। ਉਹ ਆਮ ਜ਼ਿੰਦਗੀ ਨਾਲ ਨਾਤਾ ਤੋੜ ਲੈਂਦੇ ਹਨ। ਉਹ ਮਸੀਹ ਦੇ ਲਈ ਉਹ ਸਭਕੁਝ ਤਿਆਗ ਦਿੰਦੇ ਹਨ ਜਿਨ੍ਹਾਂ ਨੂੰ ਬਾਕੀ ਦੇ ਲੋਕ ਆਪਣਾ ਵਾਜਬ ਹੱਕ ਸਮਝਦੇ ਹਨ। ਉਸ ਦੇ ਪੈਰੋਕਾਰ ਉਸ ਦੇ ਗੁਲਾਮ

ਹਨ। ਉਹ ਢੀਠ ਨਹੀਂ ਹੁੰਦੇ ਕਿ ਉਨ੍ਹਾਂ ਤੋਂ ਜਬਰਦਸਤੀ ਕੰਮ ਕਰਵਾਇਆ ਜਾਵੇ। ਉਹ ਤਾਂ ਆਪ ਅਗਾਹਾਂ ਹੋ ਕੇ ਆਗਿਆਕਾਰੀ ਕਰਦੇ ਹਨ।

ਇਕ ਸਮਰਪਤ ਮਸੀਹੀ ਇਕ ਯਾਤਰੀ ਅਤੇ ਪਰਦੇਸੀ ਹੈ, ਜਿਹੜਾ ਇਸ ਪਰਦੇਸ ਵਿਚ ਯਾਤਰਾ ਕਰ ਰਿਹਾ ਹੈ, ਅਤੇ ਆਪਣੇ ਸਾਹਮਣੇ ਆਉਣ ਵਾਲੇ ਹਰੇਕ ਵਿਅਕਤੀ ਨੂੰ ਵਫ਼ਾਦਾਰੀ ਨਾਲ ਗਵਾਹੀ ਦਿੰਦਾ ਹੈ, ਪਰ ਇਸ ਪਰਦੇਸ ਦੇ ਰੰਗ ਢੰਗ ਵਿਚ ਢਲਦਾ ਨਹੀਂ ਹੈ।

ਉਹ ਅਜਿਹਾ ਵਿਅਕਤੀ ਹੁੰਦਾ ਹੈ ਜਿਹੜਾ ਇਥੇ ਮਿੱਤਰ ਬਣਾਉਣ ਦੀ ਚਿੰਤਾ ਨਹੀਂ ਕਰਦਾ ਰਹਿੰਦਾ, ਦੁਨਿਆਵੀ ਵਸਤਾਂ ਪ੍ਰਾਪਤ ਕਰਨ ਦੀ ਚਿੰਤਾ ਨਹੀਂ ਕਰਦਾ ਰਹਿੰਦਾ, ਦੁਨਿਆਵੀ ਨੁਕਸਾਨ ਦੀ ਚਿੰਤਾ ਨਹੀਂ ਕਰਦਾ ਰਹਿੰਦਾ, ਜ਼ਿੰਦਗੀ ਤਕ ਦੀ ਪਰਵਾਹ ਨਹੀਂ ਕਰਦਾ, ਮੌਤ ਤੋਂ ਨਹੀਂ ਡਰਦਾ; ਨਾ ਕਿਸੇ ਔਹਦੇ, ਦੇਸ ਜਾਂ ਹਾਲਾਤ ਤੋਂ ਡਰਦਾ ਹੈ; ਉਸ ਦੇ ਮਨ ਵਿਚ ਕੇਵਲ ਇਕੋ ਵਿਚਾਰ ਹੁੰਦਾ ਹੈ, ਮਸੀਹ ਦੀ ਖ਼ੁਸ਼ਖ਼ਬਰੀ; ਉਸ ਦਾ ਇਕੋ ਮਕਸਦ ਹੁੰਦਾ ਹੈ, ਪਰਮੇਸ਼ਰ ਦੀ ਵਡਿਆਈ; ਮੂਰਖ, ਹਾਂ ਮਸੀਹ ਲਈ ਮੂਰਖ ਅਖਵਾਉਣ ਵਿਚ ਵੀ ਉਹ ਆਪਣਾ ਸੰਤੋਖ ਸਮਝ ਲੈਂਦਾ ਹੈ। ਇਹ ਦੁਨੀਆ ਉਸ ਨੂੰ ਭਾਵੇਂ ਦੀਵਾਨਾ, ਕੱਟਰਪੰਥੀ, ਬਕਵਾਦੀ ਜਾਂ ਕੋਈ ਅਜੀਬੋ-ਗਰੀਬ ਪ੍ਰਾਣੀ ਹੀ ਕਿਉਂ ਨਾ ਆਖੇ, ਉਹ ਕਿਸੇ ਦੀ ਪਰਵਾਹ ਨਹੀਂ ਕਰਦਾ। ਉਹ ਗੁਮਨਾਮੀ ਵਿਚ ਵੀ ਖ਼ੁਸ਼ ਰਹਿੰਦਾ ਹੈ। ਜਦੋਂ ਦੁਨੀਆ ਉਸ ਨੂੰ ਵਪਾਰੀ, ਕਬੀਲਦਾਰ, ਜਾਂ ਵਸਨੀਕ, ਧਨਵਾਨ, ਦੁਨੀਆਦਾਰ, ਬੁੱਧੀਜੀਵੀ ਜਾਂ ਸਿਆਣਾ ਆਖਦੀ ਹੈ ਤਾਂ ਇਹ ਸਾਰੀਆਂ ਗੱਲਾਂ ਉਸ ਦੇ ਚਰਿੱਤਰ 'ਤੇ ਆ ਕੇ ਖਤਮ ਹੋ ਜਾਂਦੀਆਂ ਹਨ। ਉਹ ਮਸੀਹ ਬਾਰੇ ਦੱਸਦਾ ਰਹਿੰਦਾ ਹੈ, ਜੇਕਰ ਉਹ ਦੱਸੇਗਾ ਨਹੀਂ ਤਾਂ ਮਰ ਜਾਵੇਗਾ; ਅਤੇ ਭਾਵੇਂ ਉਸ ਨੂੰ ਮੌਤ ਹੀ ਕਿਉਂ ਆ ਜਾਵੇ ਉਹ ਤਾਂ ਵੀ ਚੁੱਪ ਨਹੀਂ ਬੈਠੇਗਾ। ਉਹ ਅਰਾਮ ਨਹੀਂ ਕਰਦਾ, ਸਗੋਂ ਸਮੁੰਦਰਾਂ ਪਾਰ ਅਤੇ ਵੱਖ-ਵੱਖ ਥਾਂਵਾਂ ਵਿਚ, ਪਹਾੜਾਂ ਅਤੇ ਮਾਰੂਥਲਾਂ ਵਿਚ ਜਾਂਦਾ ਰਹਿੰਦਾ ਹੈ। ਉਹ ਚੀਖਦਾ ਹੈ ਅਤੇ ਚੁੱਪ ਨਹੀਂ ਰਹਿੰਦਾ, ਨਾ ਹੀ ਉਸ ਨੂੰ ਚੁੱਪ ਰੱਖਿਆ ਜਾ ਸਕਦਾ ਹੈ। ਕੈਦਾਂ ਵਿਚ ਵੀ ਉਹ ਆਪਣੀ ਅਵਾਜ਼ ਬੁਲੰਦ ਕਰਦਾ ਹੈ, ਅਤੇ ਸਮੁੰਦਰੀ ਤੁਫ਼ਾਨਾਂ ਵਿਚ ਵੀ ਉਹ ਸ਼ਾਂਤ ਨਹੀਂ ਬੈਠਦਾ। ਦਬਕਾਉਣ ਵਾਲੇ ਪ੍ਰਧਾਨਾਂ ਅਤੇ ਸਿੰਘਾਸਣਾਂ 'ਤੇ ਬਿਰਾਜਮਾਨ ਰਾਜਿਆਂ ਸਾਹਮਣੇ ਵੀ ਉਹ ਸੱਚ ਦੀ ਗਵਾਹੀ ਦਿੰਦਾ ਹੈ। ਉਸ ਦੀ ਅਵਾਜ਼ ਨੂੰ ਕੇਵਲ ਮੌਤ ਹੀ ਸ਼ਾਂਤ ਕਰ ਸਕਦੀ ਹੈ, ਅਤੇ ਮੌਤ ਦਾ ਹੁਕਮ ਹੋ ਜਾਣ 'ਤੇ ਵੀ, ਇਸ ਤੋਂ ਪਹਿਲਾਂ ਕਿ ਉਸ ਦੇ ਪ੍ਰਾਣ ਪਖੇਰੂ ਉੱਡ ਜਾਣ, ਉਹ ਉਸ ਨੂੰ ਮੌਤ ਦੇ ਘਾਟ ਉਤਾਰ ਰਹੇ ਬੇਰਹਿਮ ਲੋਕਾਂ ਨੂੰ ਪ੍ਰਭੂ ਬਾਰੇ ਦੱਸਦਾ ਰਹਿੰਦਾ ਹੈ, ਉਨ੍ਹਾਂ ਲਈ ਪ੍ਰਾਰਥਨਾ ਕਰਦਾ ਹੈ, ਇਕਰਾਰ ਕਰਦਾ ਹੈ, ਬੇਨਤੀ ਕਰਦਾ ਹੈ, ਸੰਘਰਸ਼ ਕਰਦਾ ਹੈ, ਇਥੋਂ ਤਕ ਕਿ ਉਨ੍ਹਾਂ ਨੂੰ ਅਸੀਸ ਦਿੰਦਾ ਹੈ।[1]

ਅੱਜ ਪ੍ਰਭੂ ਯਿਸੂ ਮਸੀਹ ਅਜਿਹੇ ਹੀ ਪੁਰਸ਼ਾਂ ਅਤੇ ਇਸਤਰੀਆਂ ਨੂੰ ਭਾਲ ਰਿਹਾ ਹੈ।

1. Quoted in PRAIRIE OVERCOMER, March, 1936, pp. 102, 105.

ਹਮੇਸ਼ਾ ਦੀ ਤਰ੍ਹਾਂ ਅੱਜ ਵੀ ਉਹ ਅਜਿਹੀ ਭੀੜ ਦੀ ਤਲਾਸ਼ ਵਿਚ ਨਹੀਂ ਹੈ ਜਿਹੜੀ ਬੇਮਕਸਦ ਹੀ ਉਸ ਦੇ ਮਗਰ ਤੁਰੀ ਫਿਰੇ, ਸਗੋਂ ਉਹ ਤਾਂ ਅਜਿਹੇ ਪੁਰਸ਼ਾਂ ਅਤੇ ਇਸਤਰੀਆਂ ਦੀ ਤਲਾਸ਼ ਵਿਚ ਹੈ ਜਿਨ੍ਹਾਂ ਦੀ ਅਮਿਟ ਨਿਸ਼ਠਾ ਇਸ ਸਿਆਣ ਤੋਂ ਨਿਕਲੇ ਕਿ ਉਨ੍ਹਾਂ ਦਾ ਪ੍ਰਭੂ ਅਜਿਹੇ ਲੋਕਾਂ ਨੂੰ ਚਾਹੁੰਦਾ ਹੈ ਜਿਹੜੇ ਆਤਮ-ਤਿਆਗ ਦੇ ਉਸ ਰਾਹ ਉਤੇ ਬਿਨਾਂ ਰੁਕੇ ਤੁਰਦੇ ਜਾਣਗੇ ਜਿਸ ਉੱਤੇ ਉਹ ਆਪ ਤੁਰਿਆ ਸੀ।[1]

ਉਹ ਰੋਲੈਂਡ ਹਿਲ ਵਰਗੇ ਲੋਕਾਂ ਨੂੰ ਚਾਹੁੰਦਾ ਹੈ, ਜਿਸ ਦੇ ਸ਼ਬਦ, 'ਉਸ ਦੇ ਦਿਲੋਂ ਸਾਂ-ਸਾਂ ਕਰਕੇ ਭਖਦੇ ਹੋਏ ਨਿਕਲਦੇ ਸਨ।' ਉਹ ਚਾਲਮਰਸ ਵਰਗੇ ਲੋਕਾਂ ਨੂੰ ਚਾਹੁੰਦਾ ਹੈ ਜਿਸ ਦੀ ਰਗ-ਰਗ ਵਿਚ ਸੰਜੀਦਗੀ ਭਰੀ ਹੋਈ ਸੀ। ਉਹ ਹੇਨਰੀ ਮਾਰਟਿਨ ਵਰਗੇ ਲੋਕਾਂ ਨੂੰ ਚਾਹੁੰਦਾ ਹੈ, ਜਿਸ ਦਾ ਕਹਿਣਾ ਸੀ, "ਹੁਣ ਮੈਨੂੰ ਪਰਮੇਸ਼ਰ ਲਈ ਮਰ ਮੁਕ ਜਾਣ ਦਿਓ।"

ਅਨੇਕਾਂ ਨੌਜਵਾਨ ਅੱਜ ਆਪਣੀ ਜ਼ਿੰਦਗੀ ਦੇ ਸਰਬਉੱਤਮ ਵਰ੍ਹੇ ਕਾਰੋਬਾਰ ਵਿਚ ਦੇਣਾ ਚਾਹੁੰਦੇ ਹਨ। ਉਹ ਆਪਣੇ ਦੇਸ਼ ਖਾਤਰ ਮਰ ਮਿਟਣ ਤਕ ਲਈ ਤਿਆਰ ਹਨ। ਉਹ ਚੰਗੀ ਤਨਖਾਹ ਖਾਤਰ ਦੁਨੀਆ ਦੇ ਕਿਸੇ ਵੀ ਕੋਨੇ ਵਿਚ ਨੌਕਰੀ ਕਰਨ ਲਈ ਤਿਆਰ ਹਨ। ਉਹ ਕਿਸੇ ਸਿਆਸੀ ਪਾਰਟੀ ਖਾਤਰ ਦਿਨ-ਰਾਤ ਇਕ ਕਰ ਦੇਣ ਤਕ ਲਈ ਤਿਆਰ ਹਨ।

ਸੰਗੀਤਕਾਰ ਬਣਨ ਲਈ ਉਹ ਆਪਣੀਆਂ ਉਂਗਲਾਂ ਹੱਡੀਆਂ ਤਕ ਘਿਸਾ ਦਿੰਦੇ ਹਨ। ਪ੍ਰੀਸਟ ਜਾਂ ਨਨ ਬਣਨ ਲਈ ਉਹ ਵਿਆਹ ਨਾ ਕਰਨ ਦੀ ਸੌਂਹ ਚੁੱਕਦੇ ਹਨ। ਅਦਾਕਾਰ ਬਣਨ ਲਈ ਉਹ ਲੰਮੀਆਂ-ਲੰਮੀਆਂ ਅਤੇ ਔਖੀਆਂ ਲਾਈਨਾ ਚੇਤੇ ਕਰਦੇ ਹਨ। ਕਿਸੇ-ਕਿਸੇ ਪੇਸ਼ੇ ਲਈ ਤਾਂ ਉਹ ਦਸ-ਦਸ ਵਰ੍ਹਿਆਂ ਤਕ ਪੜ੍ਹਾਈ ਕਰਦੇ ਹਨ। ਤੁਸੀਂ ਪ੍ਰਭੂ ਯਿਸੂ ਖਾਤਰ ਕੀ-ਕੀ ਕਰਨ ਲਈ ਤਿਆਰ ਹੋ? ਕੀ ਤੁਸੀਂ ਮਾਸਾ ਜਿਹਾ ਜਾਂ ਅੱਧਾ ਨਹੀਂ, ਪਰ ਆਪਣਾ ਪੂਰਾ ਦਿਲ ਉਸ ਨੂੰ ਦੇਣ ਲਈ ਤਿਆਰ ਹੋ?

1. Hopkins, op. cit., p. 20.